# Punjab Government Gazette

## EXTRAORDINARY

*Published by Authority*

CHANDIGARH, THURSDAY, APRIL 30, 2026
(VAISAKHA 10, 1948 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਪੰਜਾਬ ਅਨੁਸੂਚਿਤ ਜਾਤਾਂ ਭੋਂ ਵਿਕਾਸ ਅਤੇ ਵਿੱਤ ਨਿਗਮ ਐਕਟ, 1970 (1970 ਦਾ ਪੰਜਾਬ ਐਕਟ ਨੰ. 9) | ...511-528 |
| | 2. ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ, ਪੰਜਾਬ ਐਕਟ, 2021 (2021 ਦਾ ਪੰਜਾਬ ਐਕਟ ਨੰ. 22) | ...529-552 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

ਭਾਗ -1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 30 ਅਪ੍ਰੈਲ, 2026

**ਨੰ. 36/ਭ:ਕ/2026.-** ਪੰਜਾਬ ਅਨੁਸੂਚਿਤ ਜਾਤਾਂ ਭੋਂ ਵਿਕਾਸ ਅਤੇ ਵਿੱਤ ਨਿਗਮ ਐਕਟ, 1970 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 30th April, 2026

**No. 36/L.C./2026.-** The Translation in Punjabi of the Punjab Scheduled Castes Land Development and Finance Corporation Act, 1970 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਅਨੁਸੂਚਿਤ ਜਾਤਾਂ ਭੋਂ ਵਿਕਾਸ ਅਤੇ ਵਿੱਤ ਨਿਗਮ ਐਕਟ, 1970

(1970 ਦਾ ਪੰਜਾਬ ਐਕਟ ਨੰ. 9)

ਪੰਜਾਬ ਅਨੁਸੂਚਿਤ ਜਾਤਾਂ ਭੋਂ ਵਿਕਾਸ ਅਤੇ ਵਿੱਤ ਨਿਗਮ ਦੀ ਸਥਾਪਨਾ ਦਾ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਇੱਕੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਅਧਿਆਇ ।

ਪ੍ਰਾਰੰਭਕ

1. (1) ਇਸ ਐਕਟ ਨੂੰ ਪੰਜਾਬ ਅਨੁਸੂਚਿਤ ਜਾਤਾਂ ਭੋਂ ਵਿਕਾਸ ਅਤੇ ਵਿੱਤ ਨਿਗਮ ਐਕਟ, 1970 ਕਿਹਾ ਜਾ ਸਕੇਗਾ। ਸੰਖੇਪ ਨਾਂ ।

2. ਇਸ ਐਕਟ ਵਿੱਚ, ਜੇਕਰ ਵਿਸ਼ੇ ਜਾਂ ਪ੍ਰਸੰਗ ਵਿੱਚ ਕੋਈ ਗੱਲ ਵਿਰੁੱਧ ਨ ਹੋਵੇ,- ਪਰਿਭਾਸ਼ਾਵਾਂ ।

(ੳ) "ਜ਼ਰਾਇਤੀ ਵਿਕਾਸ" ਵਿੱਚ ਡੇਰੀ, ਮੁਰਗੀ ਪਾਲਣ, ਸੂਰ ਪਾਲਣ, ਭੇਡਾਂ ਅਤੇ ਡੰਗਰਾਂ ਦੀ ਨਸਲਕਸ਼ੀ, ਮੱਛੀ ਪਾਲਣ ਅਤੇ ਰੇਸ਼ਮ-ਉਤਪਾਦਨ ਦਾ ਵਿਕਾਸ ਸ਼ਾਮਲ ਹੈ;

(ਅ) "ਬੋਰਡ" ਦਾ ਮਤਲਬ ਹੈ ਨਿਗਮ ਦੇ ਡਾਇਰੈਕਟਰਾਂ ਦਾ ਬੋਰਡ;

(ੲ) "ਚੇਅਰਮੈਨ" ਦਾ ਮਤਲਬ ਹੈ ਨਿਗਮ ਦਾ ਚੇਅਰਮੈਨ;

(ਸ) "ਨਿਗਮ" ਦਾ ਮਤਲਬ ਹੈ ਪੰਜਾਬ ਅਨੁਸੂਚਿਤ ਜਾਤਾਂ ਭੌਂ ਵਿਕਾਸ ਅਤੇ ਵਿੱਤ ਨਿਗਮ;

(ਹ) "ਡਾਇਰੈਕਟਰ" ਦਾ ਮਤਲਬ ਹੈ ਬੋਰਡ ਦਾ ਡਾਇਰੈਕਟਰ ਅਤੇ ਇਸ ਵਿੱਚ ਚੇਅਰਮੈਨ ਅਤੇ ਵਾਈਸ-ਚੇਅਰਮੈਨ ਸ਼ਾਮਲ ਹੈ;

(ਕ) "ਰਾਜਪਾਲ" ਦਾ ਮਤਲਬ ਹੈ ਪੰਜਾਬ ਰਾਜ ਦਾ ਰਾਜਪਾਲ;

(ਖ) "ਮੰਡੀਕਰਨ" ਦਾ ਮਤਲਬ ਹੈ ਜ਼ਰਾਇਤੀ ਉਪਜ ਜਾਂ ਉਦਯੋਗਿਕ ਉਤਪਾਦਨ ਦੀ, ਭਾਵੇਂ ਉਹ ਮੁਢਲੇ ਰੂਪ ਵਿੱਚ ਹੋਵੇ ਜਾਂ ਅਰਧ-ਪ੍ਰੋਸੈਸ ਕੀਤੇ ਜਾਂ ਪ੍ਰੋਸੈਸ ਕੀਤੇ ਰੂਪ ਵਿੱਚ, ਟਰਾਂਸਪੋਰਟ, ਦਰਜਾ-ਬੰਦੀ, ਪੂਲ ਕਰਨ, ਮੰਡੀਕਰਨ ਅਤੇ ਵਿਕਰੀ ਸੰਬੰਧੀ ਸਾਰੀਆਂ ਸਰਗਰਮੀਆਂ;

(ਗ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਨਿਯਮਾਂ ਦੁਆਰਾ ਮੁਕੱਰਰ;

(ਘ) "ਪ੍ਰੋਸੈਸ ਕਰਨਾ" ਦਾ ਮਤਲਬ ਹੈ ਜ਼ਰਾਇਤੀ ਉਪਜ ਨੂੰ ਮੰਡੀਯੋਗ ਜਾਂ ਖਪਤਯੋਗ ਬਣਾਉਣ ਲਈ ਉਸਦੇ ਪ੍ਰੋਸੈਸ ਕਰਨ ਸਬੰਧੀ ਸਾਰੀਆਂ ਸਰਗਰਮੀਆਂ ਅਤੇ ਇਸ ਵਿੱਚ ਕੱਚੇ ਮਾਲ ਦੀ ਖਰੀਦ ਅਤੇ ਸਟੋਰ ਕਰਨਾ, ਸਾਜ਼-ਸਮਾਨ ਦੀ ਖ਼ਰੀਦ ਅਤੇ ਪ੍ਰੋਸੈਸ ਕਰਨ ਅਤੇ ਤਿਆਰ ਕੀਤੀ ਉਪਜ ਨੂੰ ਪ੍ਰੋਸੈਸ ਕਰਨ, ਸਟੋਰ ਕਰਨ ਲਈ ਅਤੇ ਲੋੜੀਂਦੀ ਮਸ਼ੀਨਰੀ ਦੀ ਖਰੀਦ, ਲਾਉਣਾ ਅਤੇ ਚਲਾਉਣਾ ਸ਼ਾਮਲ ਹੈ;

(ਙ) "ਅਨੁਸੂਚਿਤ ਜਾਤਾਂ" ਦਾ ਮਤਲਬ ਹੈ ਅਜਿਹੀਆਂ ਜਾਤਾਂ, ਨਸਲਾਂ ਜਾਂ ਕਬੀਲੇ, ਜਾਂ ਅਜਿਹੀਆਂ ਜਾਤਾਂ, ਨਸਲਾਂ ਜਾਂ ਕਬੀਲਿਆਂ ਦੇ ਭਾਗ ਜਾਂ ਉਨ੍ਹਾਂ ਵਿਚਲੇ ਸਮੂਹ, ਜਿਨ੍ਹਾਂ ਨੂੰ ਭਾਰਤ ਦੇ ਸੰਵਿਧਾਨ ਦੇ ਅਨੁਛੇਦ 341 ਅਧੀਨ ਅਨੁਸੂਚਿਤ ਜਾਤਾਂ ਸਮਝਿਆ ਜਾਂਦਾ ਹੈ;

(ਚ) "ਅਨੁਸੂਚਿਤ ਜਾਤਾਂ ਦਾ ਸੰਗਠਨ" ਦਾ ਮਤਲਬ ਹੈ ਭਾਈਵਾਲੀ ਐਕਟ, 1932 ਅਧੀਨ ਰਜਿਸਟਰਸ਼ੁਦਾ ਇੱਕ ਫਰਮ, ਸੁਸਾਇਟੀਆਂ ਰਜਿਸਟਰੀਕਰਨ ਐਕਟ, 1860 ਅਧੀਨ ਰਜਿਸਟਰਸ਼ੁਦਾ ਇੱਕ ਸਭਾ ਜਾਂ ਪੰਜਾਬ ਸਹਿਕਾਰੀ ਸੋਸਾਇਟੀਆਂ ਐਕਟ, 1961 ਅਧੀਨ ਰਜਿਸਟਰਸ਼ੁਦਾ ਸਹਿਕਾਰੀ ਸੋਸਾਇਟੀ, ਜਿਸ ਦੇ ਸਾਰੇ ਭਾਈਵਾਲ ਜਾਂ ਮੈਂਬਰ, ਜਿਹੀ ਕਿ ਸੂਰਤ ਹੋਵੇ, ਅਨੁਸੂਚਿਤ ਜਾਤਾਂ ਦੇ ਹਨ;

(ਛ) "ਛੋਟੇ ਪੈਮਾਨੇ ਦਾ ਉਦਯੋਗ" ਦਾ ਮਤਲਬ ਹੈ ਸਾਰੇ ਘਰੇਲੂ ਅਤੇ ਛੋਟੇ ਪੈਮਾਨੇ ਦੇ ਉਦਯੋਗ ਜਿਸ ਵਿੱਚ ਜ਼ਰਾਇਤੀ ਮਸ਼ੀਨਰੀ ਅਤੇ ਸਾਜ਼-ਸਮਾਨ

ਦੇ ਬਣਾਉਣ, ਮੁਰੰਮਤ ਕਰਨ ਅਤੇ ਕਾਇਮ ਰੱਖਣ ਵਿੱਚ ਲੱਗਿਆ ਹੋਇਆ ਉਦਯੋਗ ਸ਼ਾਮਲ ਹੈ, ਜਿਸ ਵਿੱਚ ਲੱਗੀ ਪੂੰਜੀ ਪੰਜ ਲੱਖ ਰੂਪਏ ਤੋਂ ਵੱਧ ਨ ਹੋਵੇ;

(ਜ) "ਸਪਲਾਈ ਅਤੇ ਸਟੋਰ ਕਰਨਾ" ਦਾ ਮਤਲਬ ਜ਼ਰਾਇਤੀ ਇਨਪੁਟਸ ਦੀ ਸਪਲਾਈ ਅਤੇ ਸਟੋਰ ਕਰਨਾ ਅਤੇ ਸਟੋਰਾਂ, ਕੋਲਡ ਸਟੋਰਾਂ ਅਤੇ ਗੋਦਾਮਾਂ ਦੀ ਸਥਾਪਨਾ, ਕਾਇਮ ਰੱਖਣਾ ਅਤੇ ਚਲਾਉਣਾ ਹੈ; ਅਤੇ

(ਝ) "ਵਾਈਸ- ਚੇਅਰਮੈਨ" ਦਾ ਮਤਲਬ ਹੈ ਨਿਗਮ ਦਾ ਵਾਈਸ-ਚੇਅਰਮੈਨ।

ਅਧਿਆਇ II

ਪੰਜਾਬ ਅਨੁਸੂਚਿਤ ਜਾਤਾਂ ਭੌਂ ਵਿਕਾਸ ਅਤੇ ਵਿੱਤ ਨਿਗਮ ਦਾ ਨਿਗਮਨ ਅਤੇ ਉਸਦੀ ਪੂੰਜੀ

3. (1) ਅਜਿਹੀ ਤਰੀਕ ਤੋਂ ਜੋ ਰਾਜ ਸਰਕਾਰ, ਅਧਿਸੂਚਨਾ ਦੁਆਰਾ ਇਸ ਨਮਿੱਤ ਉਲਿਖਤ ਕਰੇ, ਰਾਜ ਸਰਕਾਰ ਇਸ ਐਕਟ ਦੇ ਪ੍ਰਯੋਜਨਾਂ ਲਈ ਪੰਜਾਬ ਅਨੁਸੂਚਿਤ ਜਾਤਾਂ ਭੌਂ ਵਿਕਾਸ ਅਤੇ ਵਿੱਤ ਨਿਗਮ ਦੇ ਨਾਂ ਨਾਲ਼ ਜਾਣੀ ਜਾਂਦੀ ਇਕ ਨਿਗਮ ਸਥਾਪਤ ਕਰ ਸਕੇਗੀ। ਪੰਜਾਬ ਅਨੁਸੂਚਿਤ ਜਾਤਾਂ ਭੌਂ ਵਿਕਾਸ ਅਤੇ ਵਿੱਤ ਨਿਗਮ ਦੀ ਸਥਾਪਨਾ ।

(2) ਨਿਗਮ ਸਦੀਵੀ ਉਤਰ-ਅਧਿਕਾਰ ਵਾਲੀ ਅਤੇ ਸਾਂਝੀ ਮੁਹਰ ਵਾਲੀ ਉਪਰੋਕਤ ਨਾਂ ਦੀ ਇੱਕ ਨਿਗਮਤ ਬੌਡੀ ਹੋਵੇਗੀ, ਅਤੇ, ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਉਸ ਨੂੰ ਸੰਪਤੀ ਅਰਜਤ ਕਰਨ, ਧਾਰਨ ਕਰਨ ਅਤੇ ਉਸ ਦਾ ਨਿਬੇੜਾ ਕਰਨ ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ, ਉਸ ਨਾਂ ਨਾਲ਼ ਉਹ ਦਾਵਾ ਕਰ ਸਕੇਗੀ ਜਾਂ ਉਸ ਤੇ ਦਾਵਾ ਕੀਤਾ ਜਾ ਸਕੇਗਾ।

4. (1) ਨਿਗਮ ਦਾ ਮੁੱਖ ਦਫ਼ਤਰ ਚੰਡੀਗੜ੍ਹ ਜਾਂ ਅਜਿਹੀ ਹੋਰ ਥਾਂ ਤੇ ਹੋਵੇਗਾ ਜੋ ਰਾਜ ਸਰਕਾਰ. ਅਧਿਸੂਚਨਾ ਦੁਆਰਾ, ਉਲਿਖਤ ਕਰੇ। ਨਿਗਮ ਦਾ ਮੁੱਖ ਦਫ਼ਤਰ ।

(2) ਨਿਗਮ ਰਾਜ ਦੇ ਅੰਦਰ ਜਾਂ ਬਾਹਰ ਅਜਿਹੀਆਂ ਥਾਵਾਂ ਤੇ ਦਫ਼ਤਰ ਜਾਂ ਏਜੰਸੀਆਂ ਸਥਾਪਤ ਕਰ ਸਕੇਗੀ, ਜੋ ਉਹ ਠੀਕ ਸਮਝੇ।

5. ਨਿਗਮ ਦੀ ਅਖਤਿਆਰਤ ਪੂੰਜੀ ਦਸ ਕਰੋੜ ਰੁਪਏ ਤੋਂ ਨ ਘੱਟ ਦੀ ਅਜਿਹੀ ਰਕਮ ਹੋਵੇਗੀ ਜੋ ਰਾਜ ਸਰਕਾਰ ਨਿਯਤ ਕਰੇ। ਅਖਤਿਆਰਤ ਪੂੰਜੀ ।

ਅਧਿਆਇ III

ਨਿਗਮ ਦਾ ਪ੍ਰਬੰਧ

6. (1) ਨਿਗਮ ਦੇ ਕਾਰ-ਵਿਹਾਰ ਅਤੇ ਕਾਰੋਬਾਰ ਦਾ ਆਮ ਅਧੀਖਣ, ਨਿਦੇਸ਼ ਅਤੇ ਪ੍ਰਬੰਧਨ ਇੱਕ ਬੋਰਡ ਵਿੱਚ ਨਿਹਿਤ ਹੋਵੇਗਾ ਜੋ ਅਜਿਹੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਸਾਰੇ ਕਾਰਜ ਅਤੇ ਗੱਲਾਂ ਕਰ ਸਕੇਗਾ ਜਿਨ੍ਹਾਂ ਸ਼ਕਤੀਆਂ ਦੀ ਵਰਤੋਂ ਪ੍ਰਬੰਧਨ ।

ਜਾਂ ਜੋ ਕਾਰਜ ਅਤੇ ਗੱਲਾਂ ਇਸ ਐਕਟ ਅਧੀਨ ਨਿਗਮ ਦੁਆਰਾ ਕੀਤੀਆਂ ਜਾ ਸਕਣਗੀਆਂ।

(2) ਡਾਇਰੈਕਟਰਾਂ ਦਾ ਬੋਰਡ ਆਪਣੇ ਕਾਜਕਾਰ ਨਿਭਾਉਣ ਵਿੱਚ ਲੋਕ ਹਿੱਤ,ਅਨੁਸੂਚਿਤ ਜਾਤਾਂ ਦੀ ਭਲਾਈ ਅਤੇ ਨਿਗਮ ਦੀ ਰਿਣ ਚੁਕਾਉਣ ਦੀ ਸਮਰੱਥਾ ਨੂੰ ਧਿਆਨ ਵਿੱਚ ਰੱਖਦੇ ਹੋਏ ਨਰੋਏ ਕਾਰੋਬਾਰੀ ਸਿਧਾਂਤਾਂ ਤੇ ਅਮਲ ਕਰੇਗਾ ਅਤੇ ਨੀਤੀ ਦੇ ਸਵਾਲਾਂ ਤੇ ਅਜਿਹੀਆਂ ਹਦਾਇਤਾਂ ਤੋਂ ਅਗਵਾਈ ਪ੍ਰਾਪਤ ਕਰੇਗਾ ਜੋ ਉਸ ਨੂੰ ਰਾਜ ਸਰਕਾਰ ਦੁਆਰਾ ਦਿੱਤੀਆਂ ਜਾਣ।

(4) ਜੇ ਇਸ ਬਾਬਤ ਕੋਈ ਸ਼ੰਕਾ ਪੈਦਾ ਹੁੰਦਾ ਹੈ ਕਿ ਕੀ ਕੋਈ ਸਵਾਲ ਨੀਤੀ ਦਾ ਸਵਾਲ ਹੈ ਜਾਂ ਨਹੀਂ ਤਾਂ ਉਸ ਤੇ ਰਾਜ ਸਰਕਾਰ ਦਾ ਫੈਸਲਾ ਅੰਤਮ ਹੋਵੇਗਾ।

ਡਾਇਰੈਕਟਰਾਂ ਦਾ ਬੋਰਡ ।

7. (1) ਡਾਇਰੈਕਟਰਾਂ ਦਾ ਬੋਰਡ ਇੱਕ ਕਾਰਜਕਾਰੀ ਡਾਇਰੈਕਟਰ ਅਤੇ ਹੇਠ-ਲਿਖੇ ਹੋਰ ਡਾਇਰੈਕਟਰਾਂ ਤੋਂ ਮਿਲਕੇ ਬਣੇਗਾ, ਅਰਥਾਤ:-

(ੳ) ਸਕੱਤਰ, ਪੰਜਾਬ ਸਰਕਾਰ, ਭਲਾਈ ਵਿਭਾਗ ਜਾਂ ਉਸ ਦੁਆਰਾ ਨਾਮਜ਼ਦ ਕੀਤਾ ਗਿਆ ਉਸ ਵਿਭਾਗ ਦਾ ਇੱਕ ਅਧਿਕਾਰੀ ਜਿਸਦਾ ਰੈਂਕ ਉਪ-ਸਕੱਤਰ ਤੋਂ ਥੱਲੇ ਨਹੀਂ ਹੈ, ਅਹੁਦੇ-ਕਾਰਨ;

(ਅ) ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ ਜਾਂ ਉਸ ਦੁਆਰਾ ਨਾਮਜ਼ਦ ਕੀਤਾ ਗਿਆ ਉਸ ਵਿਭਾਗ ਦਾ ਅਧਿਕਾਰੀ ਜਿਸਦਾ ਰੈਂਕ ਉਪ-ਸਕੱਤਰ ਤੋਂ ਥੱਲੇ ਨਹੀਂ ਹੈ, ਅਹੁਦੇ-ਕਾਰਨ;

(ੲ) ਸਕੱਤਰ, ਪੰਜਾਬ ਸਰਕਾਰ, ਖੇਤੀਬਾੜੀ ਵਿਭਾਗ, ਜਾਂ ਉਸ ਦੁਆਰਾ ਨਾਮਜ਼ਦ ਕੀਤਾ ਗਿਆ ਉਸ ਵਿਭਾਗ ਦਾ ਇੱਕ ਅਧਿਕਾਰੀ ਜਿਸਦਾ ਰੈਂਕ ਉਪ-ਸਕੱਤਰ ਤੋਂ ਥੱਲੇ ਨਹੀਂ ਹੈ, ਅਹੁਦੇ-ਕਾਰਨ;

(ਸ) ਸਕੱਤਰ, ਪੰਜਾਬ ਸਰਕਾਰ, ਉਦਯੋਗ ਵਿਭਾਗ ਜਾਂ ਉਸ ਦੁਆਰਾ ਨਾਮਜ਼ਦ ਕੀਤਾ ਗਿਆ ਉਸ ਵਿਭਾਗ ਦਾ ਇਕ ਅਧਿਕਾਰੀ ਜਿਸਦਾ ਰੈਂਕ ਉਪ-ਸਕੱਤਰ ਤੋਂ ਥੱਲੇ ਨਹੀਂ ਹੈ, ਅਹੁਦੇ ਕਾਰਨ;

(ਸਸ) ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ, ਪੰਜਾਬ, ਅਹੁਦੇ-ਕਾਰਨ;

(ਹ) ਭਾਰਤ ਸਰਕਾਰ ਦੇ ਦੋ ਅਧਿਕਾਰੀ ਜੋ ਉਸ ਸਰਕਾਰ ਦੁਆਰਾ ਨਾਮਜ਼ਦ ਕੀਤੇ ਗਏ ਹਨ, ਅਹੁਦੇ ਕਾਰਨ;

(ਕ) ਅਨੁਸੂਚਿਤ ਜਾਤਾਂ ਦੇ ਛੇ ਹੋਰ ਡਾਇਰੈਕਟਰ, ਜੋ ਰਾਜ ਸਰਕਾਰ ਦੁਆਰਾ ਅਜਿਹੇ ਵਿਅਕਤੀਆਂ ਵਿੱਚੋਂ ਨਾਮਜ਼ਦ ਕੀਤੇ ਜਾਣਗੇ ਜੋ ਖੇਤੀਬਾੜੀ, ਖੇਤੀ ਸੰਬੰਧੀ ਉਦਯੋਗਾਂ, ਪਾਣੀ ਵਿਕਾਸ ਪ੍ਰਾਜੈਕਟਾਂ, ਵਿੱਤ ਜਾਂ ਸਹਿਕਾਰਤਾ ਦਾ ਗਿਆਨ ਰੱਖਦੇ ਹੋਣ ਜਾਂ ਜਿਹੜੇ ਸਮਾਜਕ ਵਰਕਰ ਹੋਣ।

(2) ਰਾਜਪਾਲ ਡਾਇਰੈਕਟਰਾਂ ਵਿੱਚੋਂ ਚੇਅਰਮੈਨ ਅਤੇ ਵਾਈਸ-ਚੇਅਰਮੈਨ ਨਿਯੁਕਤ ਕਰੇਗਾ।

(3) ਮੌਤ ਜਾਂ ਅਸਤੀਫੇ ਕਾਰਨ ਜਾਂ ਹੋਰ ਤਰ੍ਹਾਂ ਡਾਇਰੈਕਟਰ ਦੇ ਅਹੁਦੇ ਦੀ ਥਾਂ ਖਾਲੀ ਹੋਣ ਤੇ ਉਹ ਰਾਜਪਾਲ ਦੁਆਰਾ ਉਪ-ਧਾਰਾ (1) ਵਿੱਚ ਉਪਬੰਧਤ ਤਰੀਕੇ ਨਾਲ਼ ਭਰੀ ਜਾਵੇਗੀ।

(4) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਡਾਇਰੈਕਟਰਾਂ ਦੀ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਨੂੰ ਅਦਾਇਗੀਯੋਗ ਫੀਸਾਂ ਅਤੇ ਭੱਤੇ ਅਜਿਹੇ ਹੋਣਗੇ ਜੋ ਮੁਕੱਰਰ ਕੀਤੇ ਜਾਣ।

8. ਕਾਰਜਕਾਰੀ ਡਾਇਰੈਕਟਰ ਅਤੇ ਅਹੁਦੇ-ਕਾਰਨ ਡਾਇਰੈਕਟਰਾਂ ਤੋਂ ਬਿਨਾਂ ਹੋਰ ਡਾਇਰੈਕਟਰਾਂ ਦੇ ਅਹੁਦੇ ਦੀ ਅਉਧ ਇੱਕ ਸਾਲ ਹੋਵੇਗੀ ਅਤੇ ਉਹ ਮੁੜ-ਨਿਯੁਕਤੀ ਲਈ ਪਾਤਰ ਹੋਣਗੇ: ਅਹੁਦੇ ਦੀ ਅਉਧ ।

ਪਰੰਤੂ ਧਾਰਾ 11 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਾਰਜਕਾਰੀ ਡਾਇਰੈਕਟਰ ਨੂੰ ਸਰਕਾਰ ਦੁਆਰਾ ਕਿਸੇ ਵੀ ਸਮੇਂ ਹਟਾਇਆ ਜਾ ਸਕੇਗਾ।

9. ਕੋਈ ਵਿਅਕਤੀ ਨਿਗਮ ਦੇ ਡਾਇਰੈਕਟਰ ਵਜੋਂ ਨਾਮਜ਼ਦ ਕੀਤੇ ਜਾਣ ਲਈ ਅਤੇ ਰਹਿਣ ਲਈ ਨਾਕਾਬਲ ਹੋਵੇਗਾ- ਡਾਇਰੈਕਟਰ ਦੇ ਅਹੁਦੇ ਲਈ ਨਾਕਾਬਲੀਅਤਾਵਾਂ ।

(ੳ) ਜੇ ਉਹ ਦਿਵਾਲੀਆ ਨਿਆਂ-ਨਿਰਣਿਤ ਕੀਤਾ ਜਾਂਦਾ ਹੈ ਜਾਂ ਕਿਸੇ ਸਮੇਂ ਕੀਤਾ ਗਿਆ ਹੈ ਜਾਂ ਉਸਨੇ ਆਪਣੇ ਰਿਣਾਂ ਦੀ ਅਦਾਇਗੀ ਮੁਅੱਤਲ ਕਰ ਦਿੱਤੀ ਹੈ ਜਾਂ ਆਪਣੇ ਲੈਣਦਾਰਾਂ ਨਾਲ਼ ਤਸਫ਼ੀਆ ਕਰ ਲਿਆ ਹੈ;

(ਅ) ਜੇ ਉਹ ਵਿਗੜ-ਚਿੱਤ ਹੈ ਅਤੇ ਕਿਸੇ ਸ਼ਕਤਵਾਨ ਅਦਾਲਤ ਨੇ ਉਸ ਨੂੰ ਅਜਿਹਾ ਐਲਾਨ ਰੱਖਿਆ ਹੈ;

(ੲ) ਜੇ ਉਹ ਕਿਸੇ ਅਜਿਹੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਜਾਂਦਾ ਹੈ ਜਾਂ ਠਹਿਰਾਇਆ ਗਿਆ ਹੈ ਜੋ ਰਾਜ ਸਰਕਾਰ ਦੀ ਰਾਏ ਵਿੱਚ ਸਦਾਚਾਰਕ ਗਿਰਾਵਟ ਵਾਲਾ ਹੈ; ਜਾਂ

(ਸ) ਜੇ ਉਹ ਕਿਸੇ ਰਾਜ ਸਰਕਾਰ ਜਾਂ ਕੇਂਦਰੀ ਸਰਕਾਰ ਜਾਂ ਕਿਸੇ ਰਾਜ ਸਰਕਾਰ ਜਾਂ ਕੇਦਰੀ ਸਰਕਾਰ ਦੀ ਮਲਕੀ ਜਾਂ ਕੰਟਰੋਲ ਅਧੀਨ ਕਿਸੇ ਨਿਗਮ ਦੀ ਸੇਵਾ ਤੋਂ ਹਟਾਇਆ ਜਾਂ ਬਰਖਾਸਤ ਕੀਤਾ ਗਿਆ ਹੈ।

ਕੁਝ ਕੁ ਮਾਮਲਿਆਂ ਵਿੱਚ ਡਾਇਰੈਕਟਰ ਦਾ ਭਾਗ ਨਾ ਲੈਣਾ ।

10. ਕੋਈ ਡਾਇਰਕੈਟਰ ਜੋ ਬੋਰਡ ਜਾਂ ਉਸਦੀ ਕਿਸੇ ਵੀ ਕਮੇਟੀ ਦੀ ਇਕੱਤਰਤਾ ਵਿੱਚ ਵਿਚਾਰਨ ਲਈ ਆਉਣ ਵਾਲੇ ਕਿਸੇ ਮਾਮਲੇ ਵਿੱਚ ਕੋਈ ਸਿੱਧਾ ਜਾਂ ਅਸਿੱਧਾ ਮਾਇਕ ਹਿੱਤ ਰੱਖਦਾ ਹੈ, ਸੁਸੰਗਤ ਹਾਲਾਤ ਦਾ ਉਸ ਨੂੰ ਗਿਆਨ ਹੋਣ ਪਿੱਛੋਂ, ਜਿੰਨੀ ਛੇਤੀ ਸੰਭਵ ਹੋਵੇ, ਅਜਿਹੀ ਇਕੱਤਰਤਾ ਵਿੱਚ ਆਪਣੇ ਹਿੱਤ ਦੀ ਪ੍ਰਕਿਰਤੀ ਪ੍ਰਗਟ ਕਰੇਗਾ ਅਤੇ ਪ੍ਰਗਟਾਉਣ ਨੂੰ ਬੋਰਡ ਜਾਂ ਕਮੇਟੀ, ਜਿਹੀ ਕਿ ਸੂਰਤ ਹੋਵੇ, ਦੀ ਕਾਰਵਾਈ ਰਿਪੋਟ ਵਿੱਚ ਕਲਮਬੰਦ ਕੀਤਾ ਜਾਵੇਗਾ, ਅਤੇ ਉਹ ਡਾਇਰੈਕਟਰ ਉਸ ਮਾਮਲੇ ਦੇ ਬਾਰੇ ਬੋਰਡ ਜਾਂ ਕਮੇਟੀ ਦੀ ਕਿਸੇ ਸੋਚ ਵਿਚਾਰ ਜਾਂ ਫੈਸਲੇ ਵਿੱਚ ਭਾਗ ਨਹੀਂ ਲਵੇਗਾ।

ਹਟਾਇਆ ਜਾਣਾ ਅਤੇ ਅਸਤੀਫ਼ਾ।

11. (1) ਰਾਜਪਾਲ ਕਿਸੇ ਵੀ ਸਮੇਂ ਕਿਸੇ ਡਾਇਰੈਕਟਰ ਨੂੰ ਅਹੁਦੇ ਤੋਂ ਹਟਾ ਸਕੇਗਾ, ਜੇ ਉਸਦੀ ਰਾਇ ਵਿੱਚ ਅਜਿਹਾ ਡਾਇਰੈਕਟਰ —

(ੳ) ਧਾਰਾ 9 ਵਿੱਚ ਜ਼ਿਕਰ ਕੀਤੀ ਕਿਸੇ ਨਾਕਾਬਲੀਅਤ ਦੇ ਤਾਬੇ ਹੈ ਜਾਂ ਹੋ ਗਿਆ ਹੈ;

(ਅ) ਬੋਰਡ ਦੀ ਇਜਾਜ਼ਤ ਤੋਂ ਬਿਨਾਂ ਕਿਸੇ ਅਜਿਹੇ ਕਾਰਨ ਤੋਂ ਜੋ ਬੋਰਡ ਦੀ ਰਾਏ ਵਿੱਚ ਉਸਦੀ ਗੈਰ-ਹਾਜ਼ਰੀ ਨੂੰ ਮਾਫ਼ ਕਰਨ ਲਈ ਕਾਫ਼ੀ ਹੈ ਤਿੰਨ ਤੋਂ ਵੱਧ ਇਕੱਤਰਤਾਵਾਂ ਵਿੱਚ ਗੈਰ-ਹਾਜ਼ਰ ਰਹਿੰਦਾ ਹੈ;

(ੲ) ਨੇ ਧਾਰਾ 10 ਦੇ ਉਪਬੰਧਾਂ ਦੀ ਉਲੰਘਣਾ ਵਿੱਚ ਕਾਰਜ ਕੀਤਾ ਹੈ; ਜਾਂ

(ਸ) ਆਪਣੇ ਕਰਤੱਵਾਂ ਦੇ ਨਿਭਾਉਣ ਵਿੱਚ ਦੁਰਾਚਾਰ ਦਾ ਕਸੂਰਵਾਰ ਰਿਹਾ ਹੈ:

ਪਰੰਤੂ ਤਜਵੀਜ਼ ਕੀਤੇ ਹੁਕਮ ਵਿਰੁੱਧ ਡਾਇਰੈਕਟਰ ਨੂੰ ਕਾਰਨ ਦੱਸਣ ਦਾ ਵਾਜ਼ਬੀ ਅਵਸਰ ਦਿੱਤੇ ਬਿਨਾਂ ਹਟਾਉਣ ਦਾ ਕੋਈ ਹੁਕਮ ਪਾਸ ਨਹੀਂ ਕੀਤਾ ਜਾਵੇਗਾ।

(1-ੳ) ਜੇ ਬੋਰਡ ਆਪਣੇ ਕਾਜਕਾਰ ਨੂੰ ਸਿਰੇ ਚਾੜ੍ਹਨ ਵਿੱਚ ਅਸਫ਼ਲ ਰਹਿੰਦਾ ਹੈ, ਜਾਂ, ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਦੇ ਪ੍ਰਯੋਜਨ ਲਈ ਰਾਜ ਸਰਕਾਰ ਦੁਆਰਾ ਉਸਨੂੰ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਨ ਤੋਂ ਇਨਕਾਰ ਕਰਦਾ ਹੈ ਜਾਂ ਅਸਫ਼ਲ ਰਹਿੰਦਾ ਹੈ, ਤਾਂ ਰਾਜ ਸਰਕਾਰ ਗੈਰ-ਸਰਕਾਰੀ ਡਾਇਰੈਕਟਰਾਂ ਨੂੰ, ਜਿਨ੍ਹਾਂ

ਵਿੱਚ ਚੇਅਰਮੈਨ ਜਾਂ ਵਾਈਸ-ਚੇਅਰਮੈਨ ਸ਼ਾਮਲ ਹਨ, ਹਟਾ ਸਕੇਗੀ ਅਤੇ ਉਨ੍ਹਾਂ ਦੀ ਥਾਵੇਂ ਹੋਰ ਡਾਇਰੈਕਟਰ ਅਤੇ ਚੇਅਰਮੈਨ ਜਾਂ ਵਾਈਸ-ਚੇਅਰਮੈਨ ਨਿਯੁਕਤ ਕਰ ਸਕੇਗੀ।

(2) ਡਾਇਰੈਕਟਰ ਰਾਜ ਸਰਕਾਰ ਨੂੰ ਲਿਖਤੀ ਰੂਪ ਵਿੱਚ ਨੋਟਿਸ ਦੇ ਕੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਸਕੇਗਾ ਅਤੇ ਅਜਿਹਾ ਅਸਤੀਫਾ ਸਵੀਕਾਰ ਕੀਤੇ ਜਾਣ ਤੇ ਇਹ ਸਮਝਿਆ ਜਾਵੇਗਾ ਕਿ ਉਸਨੇ ਆਪਣਾ ਅਹੁਦਾ ਖਾਲੀ ਕਰ ਦਿੱਤਾ ਹੈ।

12. (1) ਬੋਰਡ ਅਜਿਹੇ ਸਮਿਆਂ ਅਤੇ ਥਾਵਾਂ ਤੇ ਇਕੱਤਰ ਹੋਵੇਗਾ ਅਤੇ ਆਪਣੀਆਂ ਇਕੱਤਰਤਾਵਾਂ ਵਿੱਚ ਕਾਰਜ ਨੇਪਰੇ ਚਾੜ੍ਹਨ ਬਾਬਤ (ਜਿਸ ਵਿੱਚ ਇਕੱਤਰਤਾਵਾਂ ਦਾ ਕੋਰਮ ਸ਼ਾਮਲ ਹੈ) ਜਾਬਤੇ ਦੇ ਅਜਿਹੇ ਨਿਯਮਾਂ ਦੀ ਪਾਲਣਾ ਕਰੇਗਾ ਜਿਵੇਂ ਇਸ ਐਕਟ ਅਧੀਨ ਨਿਗਮ ਦੁਆਰਾ ਬਣਾਏ ਗਏ ਵਿਨਿਯਮਾਂ ਦੁਆਰਾ ਉਪਬੰਧਤ ਕੀਤਾ ਜਾਵੇ। ਇਕੱਤਰਤਾਵਾਂ।

(2) ਜੇ ਕਿਸੇ ਕਾਰਨ ਕਰਕੇ, ਚੇਅਰਮੈਨ ਕਿਸੇ ਇਕੱਤਰਤਾ ਵਿੱਚ ਹਾਜ਼ਰ ਹੋਣ ਤੋਂ ਅਸਮਰੱਥ ਹੈ, ਤਾਂ ਵਾਈਸ-ਚੇਅਰਮੈਨ, ਅਤੇ ਉਸਦੀ ਗੈਰ-ਹਾਜ਼ਰੀ ਵਿੱਚ, ਇਕੱਤਰਤਾ ਵਿੱਚ ਹਾਜ਼ਰ ਡਾਇਰੈਕਟਰਾਂ ਵਿੱਚੋਂ ਚੁਣਿਆ ਗਿਆ ਕੋਈ ਹੋਰ ਡਾਇਰੈਕਟਰ ਇਕੱਤਰਤਾ ਦੀ ਪ੍ਰਧਾਨਗੀ ਕਰੇਗਾ।

(3) ਬੋਰਡ ਦੀ ਕਿਸੇ ਇਕੱਤਰਤਾ ਅੱਗੇ ਆਉਣ ਵਾਲੇ ਸਾਰੇ ਸਵਾਲਾਂ ਦਾ ਫੈਸਲਾ ਹਾਜ਼ਰ ਅਤੇ ਵੋਟ ਦੇਣ ਵਾਲੇ ਡਾਇਰੈਕਟਰਾਂ ਦੀਆਂ ਵੋਟਾਂ ਦੀ ਬਹੁ-ਗਿਣਤੀ ਨਾਲ਼ ਕੀਤਾ ਜਾਵੇਗਾ ਅਤੇ, ਵੋਟਾਂ ਬਰਾਬਰ ਹੋਣ ਦੀ ਹਾਲਤ ਵਿੱਚ, ਚੇਅਰਮੈਨ, ਜਾਂ ਉਸਦੀ ਗੈਰ-ਹਾਜ਼ਰੀ ਵਿੱਚ, ਵਾਈਸ-ਚੇਅਰਮੈਨ ਜਾਂ ਉਸਦੀ ਗੈਰ-ਹਾਜ਼ਰੀ ਵਿੱਚ, ਪ੍ਰਧਾਨਗੀ ਕਰਨ ਵਾਲੇ ਵਿਅਕਤੀ ਦੀ, ਦੂਜੀ ਜਾਂ ਨਿਰਣਾਇਕ ਵੋਟ ਹੋਵੇਗੀ ਅਤੇ ਉਹ ਉਸਦੀ ਵਰਤੋਂ ਕਰੇਗਾ।

13. (1) ਰਾਜਪਾਲ ਰਾਜ ਸਰਕਾਰ ਦੇ ਇੱਕ ਅਧਿਕਾਰੀ ਨੂੰ ਕਾਰਜਕਾਰੀ ਡਾਇਰੈਕਟਰ ਵਜੋਂ ਨਿਯੁਕਤ ਕਰੇਗਾ ਜੋ ਉਸਦੀ ਪਰਸੰਨਤਾ ਪਰਯੰਤ ਉਹ ਅਹੁਦਾ ਧਾਰਨ ਕਰੇਗਾ। ਕਾਰਜਕਾਰੀ ਡਾਇਰੈਕਟਰ।

(2) ਕਾਰਜਕਾਰੀ ਡਾਇਰੈਕਟਰ, ਜੋ ਨਿਗਮ ਦਾ ਪੂਰਨ ਕਾਲੀ ਅਧਿਕਾਰੀ ਹੋਵੇਗਾ,-

(ੳ) ਉਸਦਾ ਮੁੱਖ ਕਾਰਜਕਾਰੀ ਅਧਿਕਾਰੀ ਹੋਵੇਗਾ;

(ਅ) ਨਿਗਮ ਦੇ ਅਮਲਸ਼ੀਲ ਪ੍ਰਬੰਧਨ ਅਤੇ ਬੋਰਡ ਦੁਆਰਾ ਪਰਵਾਨ ਕੀਤੀਆਂ ਆਮ ਨੀਤੀਆਂ ਦਾ ਪਰਿਪਾਲਣ ਕਰਨ ਲਈ ਜ਼ਿੰਮੇਵਾਰ ਹੋਵੇਗਾ;

(ਏ) ਅਜਿਹੇ ਕਰਤੱਵਾਂ ਦਾ ਪਾਲਣ ਕਰੇਗਾ ਜੋ ਬੋਰਡ, ਵਿਨਿਯਮਾਂ ਦੁਆਰਾ ਜਾਂ ਹੋਰ ਤਰ੍ਹਾਂ ਉਸਨੂੰ ਸੌਂਪੇ;

(ਸ) ਅਜਿਹੇ ਤਨਖਾਹ ਅਤੇ ਭੱਤੇ ਪ੍ਰਾਪਤ ਕਰੇਗਾ ਅਤੇ ਸੇਵਾ ਦੇ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਦੁਆਰਾ ਸ਼ਾਸ਼ਤ ਹੋਵੇਗਾ ਜੋ ਬੋਰਡ ਦੁਆਰਾ ਤੈਅ ਕੀਤੀਆਂ ਜਾਣ ਅਤੇ ਰਾਜ ਸਰਕਾਰ ਦੁਆਰਾ ਪਰਵਾਨ ਕੀਤੀਆਂ ਜਾਣ।

(3) ਜੇ ਕਾਰਜਪਾਲਕ ਡਾਇਰੈਕਟਰ ਦੁਰਲਬਤਾ ਕਰਕੇ ਜਾਂ ਹੋਰ ਤਰ੍ਹਾਂ ਆਪਣੇ ਕਰਤੱਵਾਂ ਦਾ ਪਾਲਣ ਕਰਨ ਤੋਂ ਅਸਮਰੱਥ ਹੋ ਜਾਂਦਾ ਹੈ ਜਾਂ ਛੁੱਟੀ ਲੈ ਕੇ ਜਾਂ ਹੋਰ ਤਰ੍ਹਾਂ ਦੇ ਹਾਲਾਤਾਂ ਵਿੱਚ ਗੈਰ-ਹਾਜ਼ਰ ਹੈ ਜਿਸ ਨਾਲ਼ ਉਸਦਾ ਅਹੁਦਾ ਖਾਲੀ ਨਹੀਂ ਹੋ ਜਾਂਦਾ, ਤਾਂ ਰਾਜਪਾਲ ਉਸਦੀ ਗੈਰ-ਹਾਜ਼ਰੀ ਦੇ ਦੌਰਾਨ ਉਸਦੀ ਥਾਂ ਤੇ ਕਾਰਜ ਕਰਨ ਲਈ ਕਿਸੇ ਹੋਰ ਵਿਅਕਤੀ ਨੂੰ ਨਿਯੁਕਤ ਕਰ ਸਕੇਗਾ।

ਨਿਯੁਕਤੀ ਵਿੱਚ ਨੁਕਸ ਦਾ ਕਾਰਜਾਂ ਆਦਿ ਨੂੰ ਨਾਜਾਇਜ਼ ਨ ਕਰਨਾ ਆਦਿ ।

14. (1) ਬੋਰਡ ਜਾਂ ਉਸਦੀ ਕਿਸੇ ਵੀ ਕਮੇਟੀ ਦਾ ਕੋਈ ਕਾਰਜ ਜਾਂ ਕਾਰਵਾਈ ਬੋਰਡ ਜਾਂ ਕਮੇਟੀ, ਜਿਹੀ ਕਿ ਸੂਰਤ ਹੋਵੇ, ਵਿੱਚ ਕੇਵਲ ਕਿਸੇ ਥਾਂ ਦੇ ਖਾਲੀ ਹੋਣ, ਜਾਂ ਉਸਦੇ ਗਠਨ ਵਿੱਚ ਕਿਸੇ ਨੁਕਸ ਦੇ ਆਧਾਰ ਤੇ ਉਜਰ ਨਹੀਂ ਕੀਤਾ ਜਾਵੇਗਾ ਜਾਂ ਉਹ ਨਾਜਾਇਜ਼ ਨਹੀਂ ਹੋਵੇਗਾ।

(2) ਡਾਇਰੈਕਟਰ ਜਾਂ ਕਿਸੇ ਕਮੇਟੀ ਦੇ ਮੈਂਬਰ ਵਜੋਂ ਨੇਕਨੀਤੀ ਨਾਲ਼ ਕਾਰਜ ਕਰਦਿਆਂ ਹੋਇਆਂ ਕਿਸੇ ਵਿਅਕਤੀ ਦੁਆਰਾ ਕੀਤਾ ਗਿਆ ਕੋਈ ਕਾਰਜ ਕੇਵਲ ਇਸ ਆਧਾਰ ਤੇ ਹੀ ਨਾਜਾਇਜ਼ ਨਹੀਂ ਸਮਝਿਆ ਜਾਵੇਗਾ ਕਿ ਉਹ ਡਾਇਰੈਕਟਰ ਜਾਂ ਮੈਂਬਰ ਹੋਣ ਦੇ ਨਾਕਾਬਲ ਸੀ ਜਾਂ ਉਸਦੀ ਨਾਮਜ਼ਦਗੀ ਵਿੱਚ ਕੋਈ ਹੋਰ ਨੁਕਸ ਸੀ।

ਨਿਗਮ ਦੇ ਅਧਿਕਾਰੀ ਅਤੇ ਹੋਰ ਕਰਮਚਾਰੀ ।

15. (1) ਬੋਰਡ, ਨਿਗਮ ਦੇ ਕਾਜਕਾਰ ਕੁਸ਼ਲਤਾ ਨਾਲ਼ ਕਰਨ ਲਈ, ਅਜਿਹੇ ਅਧਿਕਾਰੀ ਅਤੇ ਕਰਮਚਾਰੀ ਨਿਯੁਕਤ ਕਰ ਸਕੇਗਾ ਜੋ ਉਹ ਜ਼ਰੂਰੀ ਸਮਝੇ ਅਤੇ ਵਿਨਿਯਮਾਂ ਦੁਆਰਾ ਜਾਂ ਹੋਰ ਤਰ੍ਹਾਂ ਉਨ੍ਹਾਂ ਦੀ ਨਿਯੁਕਤੀ ਅਤੇ ਸੇਵਾ ਦੀਆਂ ਸ਼ਰਤਾਂ ਅਤੇ ਉਨ੍ਹਾਂ ਨੂੰ ਅਦਾਇਗੀਯੋਗ ਮਿਹਨਤਾਨਾ ਤੈਅ ਕਰ ਸਕੇਗਾ।

(2) ਬੋਰਡ, ਆਮ ਜਾਂ ਵਿਸ਼ੇਸ਼ ਹੁਕਮ ਦੁਆਰਾ, ਨਿਗਮ ਦੇ ਕਾਰਜਕਾਰੀ ਡਾਇਰੈਕਟਰ ਨੂੰ ਜਾਂ ਕਿਸੇ ਹੋਰ ਅਧਿਕਾਰੀ ਜਾਂ ਕਰਮਚਾਰੀ ਨੂੰ ਅਜਿਹੀਆਂ ਸ਼ਰਤਾਂ ਅਤੇ ਬੰਦਸ਼ਾਂ ਦੇ ਤਾਬੇ, ਜੇ ਕੋਈ ਹੋਣ ਜੋ ਉਲਿਖਤ ਕੀਤੀਆਂ ਜਾਣ, ਇਸ ਐਕਟ ਅਧੀਨ ਆਪਣੀਆਂ ਅਜਿਹੀਆਂ ਸ਼ਕਤੀਆਂ ਅਤੇ ਕਰਤੱਵ, ਸਿਵਾਏ ਵਿਨਿਯਮ ਬਣਾਉਣ ਦੀ ਸ਼ਕਤੀ ਦੇ, ਸੌਂਪ ਸਕੇਗਾ, ਜੋ ਉਹ ਜ਼ਰੂਰੀ ਸਮਝੇ।

(15-ੳ) ਪੰਜਾਬ ਅਨੁਸੂਚਿਤ ਜਾਤਾਂ ਭੌਂ ਵਿਕਾਸ ਅਤੇ ਵਿੱਤ ਨਿਗਮ (ਸੋਧ) ਆਰਡੀਨੈਂਸ, 2011 (2011 ਦਾ ਪੰਜਾਬ ਆਰਡੀਨੈਂਸ ਨੰ: 12) ਦੇ ਅਮਲ ਵਿੱਚ ਨ ਰਹਿਣ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਦੇ ਉਪਬੰਧਾਂ ਦੇ ਅਧੀਨ ਕੀਤੀ ਗਈ ਵਾਈਸ-ਚੇਅਰਮੈਨ ਦੀ ਨਿਯੁਕਤੀ, ਜੋ ਉਕਤ ਆਰਡੀਨੈਂਸ ਦੁਆਰਾ ਸੋਧਿਆ ਗਿਆ ਹੈ, ਨੂੰ ਜਾਇਜ਼ ਤੌਰ ਤੇ ਜਾਰੀ ਰੱਖਿਆ ਸਮਝਿਆ ਜਾਵੇਗਾ ਜਿਵੇਂ ਵਾਈਸ-ਚੇਅਰਮੈਨ ਦੀ ਨਿਯੁਕਤੀ ਇਸ ਐਕਟ ਦੇ ਉਪਬੰਧਾਂ ਅਧੀਨ ਕੀਤੀ ਗਈ ਸੀ, ਜੋ ਪੰਜਾਬ ਅਨੁਸੂਚਿਤ ਜਾਤਾਂ ਭੌਂ ਵਿਕਾਸ ਅਤੇ ਵਿੱਤ ਨਿਗਮ (ਸੋਧ ਅਤੇ ਜਾਇਜਕਰਣ) ਐਕਟ, 2012 ਦੁਆਰਾ ਸੋਧਿਆ ਗਿਆ ਹੈ। ਜ਼ਾਇਜਕਰਣ।

ਅਧਿਆਇ IV

ਨਿਗਮ ਦੇ ਕਾਜਕਾਰ ਅਤੇ ਫ਼ੰਡ

16. (1) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਨਿਗਮ ਦਾ ਇਹ ਮੁੱਢਲਾ ਕਰਤੱਵ ਹੋਵੇਗਾ ਕਿ ਉਹ ਰਾਜ ਵਿੱਚ ਅਨੁਸੂਚਿਤ ਜਾਤਾਂ ਦੇ ਮੈਂਬਰਾਂ ਦੀ ਆਰਥਿਕ ਉੱਨਤੀ ਦਾ ਕੰਮ ਹੱਥ ਵਿੱਚ ਲਵੇ। ਨਿਗਮ ਦੇ ਕਾਜਕਾਰ।

(2) ਪੂਰਵਗਾਮੀ ਉਪਬੰਧ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੀ ਸ਼ਕਤੀ ਵਿੱਚ-

(i) ਜ਼ਰਾਇਤੀ ਵਿਕਾਸ ਦੇ ਪ੍ਰੋਗਰਾਮ, ਜ਼ਰਾਇਤੀ ਉਪਜ ਦੇ ਮੰਡੀਕਰਣ, ਪ੍ਰੋਸੈਸ ਕਰਨ, ਸਪਲਾਈ ਅਤੇ ਸਟੋਰ ਕਰਨ, ਛੋਟੇ ਪੈਮਾਨੇ ਦਾ ਉਦਯੋਗ, ਇਮਾਰਤ ਉਸਾਰੀ, ਟਰਾਂਸਪੋਰਟ ਅਤੇ ਅਜਿਹੇ ਹੋਰ ਕਾਰੋਬਾਰ,ਵਪਾਰ ਜਾਂ ਸਰਗਰਮੀ, ਜੋ ਰਾਜ ਸਰਕਾਰ ਦੁਆਰਾ ਇਸਦੇ ਨਮਿੱਤ ਪਰਵਾਨ ਕੀਤੀ ਜਾਵੇ, ਆਪਣੇ ਆਪ ਜਾਂ ਅਜਿਹੇ ਅਨੁਸੂਚਿਤ ਜਾਤਾਂ ਦੇ ਸੰਗਠਨਾਂ ਜਾਂ ਹੋਰ ਏਜੰਸੀਆਂ ਦੇ, ਜੋ ਬੋਰਡ ਦੁਆਰਾ ਪਰਵਾਨ ਕੀਤੀਆਂ ਜਾਣ, ਸਹਿਯੋਗ ਨਾਲ਼ ਜਾਂ ਉਨ੍ਹਾਂ ਰਾਹੀਂ ਯੋਜਨਾ-ਬੰਦੀ ਕਰਨ, ਬੜ੍ਹਾਵਾ ਦੇਣਾ ਅਤੇ ਹੱਥ ਵਿੱਚ ਲੈਣ;

(ii) ਅਨੁਸੂਚਿਤ ਜਾਤਾਂ ਦੇ ਮੈਂਬਰਾਂ ਜਾਂ ਅਨੁਸੂਚਿਤ ਜਾਤਾਂ ਦੇ ਸੰਗਠਨਾਂ ਨੂੰ ਨਕਦ ਜਾਂ ਜਿਨਸ ਵਿੱਚ ਕਰਜ਼ੇ ਦੇਣ ਦੁਆਰਾ ਵਿੱਤੀ ਸਹਾਇਤਾ ਮੁਹੱਈਆ ਕਰਨ, ਜਿਸ ਵਿੱਚ ਜਾਂ ਤਾਂ ਸਿੱਧੇ ਤੌਰ ਤੇ ਜਾਂ ਅਜਿਹੀ ਏਜੰਸੀ, ਸੰਗਠਨ ਜਾਂ ਸੰਸਥਾ ਰਾਹੀਂ ਜੋ ਬੋਰਡ ਦੁਆਰਾ ਪ੍ਰਵਾਨ ਕੀਤੀ ਜਾਵੇ ਖੰਡ (i) ਵਿੱਚ ਉਲਿਖਤ

ਪ੍ਰਯੋਜਨਾਂ ਵਿੱਚੋਂ ਕਿਸੇ ਪ੍ਰਯੋਜਨ ਲਈ ਕਿਰਾਇਆ-ਖਰੀਦ ਦੇ ਕਾਇਦੇ ਅਧੀਨ ਕਰਜ਼ੇ ਸ਼ਾਮਲ ਹਨ;

(iii) ਅਨੁਸੂਚਿਤ ਜਾਤਾਂ ਦੇ ਮੈਂਬਰਾਂ ਜਾਂ ਅਨੁਸੂਚਿਤ ਜਾਤਾਂ ਦੇ ਸੰਗਠਨਾਂ ਨੂੰ ਜ਼ਰਾਇਤੀ ਜਾਂ ਉਦਯੋਗਿਕ ਮਸ਼ੀਨਰੀ ਜਾਂ ਸਾਜ਼-ਸਮਾਨ, ਭਾੜੇ ਤੇ ਦੇਣ;

(iv) ਅਨੁਸੂਚਿਤ ਜਾਤਾਂ ਦੇ ਮੈਂਬਰਾਂ ਜਾਂ ਅਨੁਸੂਚਿਤ ਜਾਤਾਂ ਦੇ ਸੰਗਠਨਾਂ ਨੂੰ ਗਰਾਟਾਂ ਅਤੇ ਉਪਦਾਨ ਦੇਣ ਅਤੇ ਉਨ੍ਹਾਂ ਦੁਆਰਾ ਲਏ ਗਏ ਕਰਜ਼ਿਆਂ ਦੀ ਗਰੰਟੀ ਦੇਣ;

(v) ਅਜਿਹੀਆਂ ਸ਼ਰਤਾਂ ਦੇ ਤਾਬੇ ਜੋ ਬੋਰਡ ਉਲਿਖਤ ਕਰੇ ਧਨ ਉਧਾਰ ਲੈਣ;

(vi) ਹਿੱਬੇ, ਗਰਾਂਟਾਂ ਅਤੇ ਦਾਨ ਪ੍ਰਾਪਤ ਕਰਨ;

(vii) ਬੌਂਡ ਅਤੇ ਡਿਬੈਂਚਰ ਜਾਰੀ ਕਰਨ;

(viii) ਪਰੋਨੋਟ, ਵਟਾਂਦਰਾ ਬਿੱਲ, ਹੁੰਡੀਆ,ਬਿੱਲ, ਵਰੰਟ, ਡਿਬੈਂਚਰ ਅਤੇ ਹੋਰ ਵਿਕਾ-ਯੋਗ ਲਿਖਤਾਂ ਲਿਖਣ, ਰਚਣ, ਸਵੀਕਾਰ ਕਰਨ, ਪੁਸ਼ਟੀ ਕਰਨ, ਮਿਤੀ-ਕਾਂਟਾ ਕਰਨ, ਤਕਮੀਲ ਕਰਨ ਅਤੇ ਜਾਰੀ ਕਰਨ;

(ix) ਸਰਕਾਰੀ ਸੀਕਿਉਰਟੀਆਂ ਵਿੱਚ ਜਾਂ ਅਜਿਹੇ ਹੋਰ ਤਰੀਕੇ ਨਾਲ਼ ਜਿਸਦਾ ਬੋਰਡ ਫੈਸਲਾ ਕਰੇ, ਨਿਗਮ ਦੇ ਵਾਫਰ ਫੰਡ ਪੂੰਜੀ ਵਜੋ ਲਾਉਣ ਜਾਂ ਜਮ੍ਹਾਂ ਕਰਾਉਣ;

(x) ਮੁਆਇਦੇ ਕਰਨ; ਅਤੇ;

(xi) ਅਜਿਹੇ ਹੋਰ ਕਾਜਕਾਰ ਨਿਭਾਉਣ ਜੋ ਮੁਕੱਰਰ ਕੀਤੇ ਜਾਣ ਜਾਂ ਜੋ ਇਸ ਐਕਟ ਅਧੀਨ ਉਸਨੂੰ ਪ੍ਰਦਾਨ ਕੀਤੇ ਕਾਜਕਾਰਾਂ ਵਿੱਚ ਕਿਸੇ ਦੇ ਅਨੁਪੂਰਕ, ਅਨੁਸੰਗਕ ਜਾਂ ਪਰਿਮਾਣਕ ਹਨ,

ਦੀ ਸ਼ਕਤੀ ਸ਼ਾਮਲ ਹੈ।

ਨਿਗਮ ਦੀ ਪੂੰਜੀ। (16-ੳ) ਇਸ ਐਕਟ ਅਧੀਨ ਆਪਣੇ ਕਾਜਕਾਰਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨ ਲਈ, ਨਿਗਮ ਨੂੰ-

(ੳ) ਰਾਜ ਸਰਕਾਰ ਦੁਆਰਾ ਇਸ ਐਕਟ ਦੇ ਉਪਬੰਧਾਂ ਦੇ ਸੰਗਤ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਤੇ ਪੂੰਜੀ ਮੁਹੱਈਆ ਕੀਤੀ ਜਾ ਸਕੇਗੀ ਜੋ ਰਾਜ ਸਰਕਾਰ ਉਲਿਖਤ ਕਰੇ; ਅਤੇ

(ਅ) ਕੇਂਦਰੀ ਸਰਕਾਰ ਦੁਆਰਾ ਇਸ ਐਕਟ ਦੇ ਉਪਬੰਧਾਂ ਦੇ ਸੰਗਤ ਅਜਿਹੇ ਨਿਬੰਧਨਾਂ ਅਤੇ ਸ਼ਰਤਾਂ ਤੇ ਪੂੰਜੀ ਮੁਹੱਈਆ ਕੀਤੀ ਜਾ ਸਕੇਗੀ ਜੋ ਉਹ ਸਰਕਾਰ ਉਲਿਖਤ ਕਰੇ।

17. ਨਿਗਮ ਚਾਰ ਵੱਖਰੇ-ਵੱਖਰੇ ਫੰਡ ਸਥਾਪਤ ਕਰੇਗੀ ਅਤੇ ਕਾਇਮ ਰੱਖੇਗੀ, ਅਰਥਾਤ- ਨਿਗਮ ਚਾਰ ਫੰਡ ਕਾਇਮ ਕਰੇਗੀ ।

(ੳ) ਭੋਂ ਵਿਕਾਸ ਅਤੇ ਵਿੱਤ ਫੰਡ;

(ਅ) ਗਰੰਟੀ ਫੰਡ;

(ੲ) ਡੁੱਬੇ ਰਿਣ ਫੰਡ; ਅਤੇ

(ਸ) ਰਾਹਤ ਅਤੇ ਸਾਂਝਾ ਭਲਾਈ ਫੰਡ।

18. (1) ਭੋਂ ਵਿਕਾਸ ਅਤੇ ਵਿੱਤ ਫੰਡ ਵਿੱਚ ਸਾਰੀਆਂ ਰਕਮਾਂ ਜੋ ਨਿਗਮ ਦੁਆਰਾ ਕਿਸੇ ਵੀ ਸੋਮੇ ਤੋਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ, ਜਮ੍ਹਾਂ ਕੀਤੀਆਂ ਜਾਣਗੀਆਂ। ਭੋਂ ਵਿਕਾਸ ਅਤੇ ਵਿੱਤ ਫੰਡ ।

(2) ਅਜਿਹੀਆਂ ਸਾਰੀਆਂ ਰਕਮਾਂ ਜੋ ਨਿਗਮ ਦੁਆਰਾ ਖਰਚ ਕੀਤੀਆਂ ਜਾਂਦੀਆਂ ਹਨ ਇਸ ਫੰਡ ਦੇ ਨਾਂ ਪਾਈਆਂ ਜਾਣਗੀਆਂ।

19. (1) ਗਰੰਟੀ ਫ਼ੰਡ ਵਿੱਚ ਹਰੇਕ ਸਾਲ ਅਜਿਹੀ ਰਕਮ ਜਮ੍ਹਾਂ ਕੀਤੀ ਜਾਵੇਗੀ ਜੋ ਰਾਜ ਸਰਕਾਰ ਦੁਆਰਾ ਉਸ ਪ੍ਰਯੋਜਨ ਲਈ ਨਿਗਮ ਦੇ ਅਖਤਿਆਰ ਰੱਖੀ ਜਾਵੇ ਅਤੇ ਅਜਿਹੀ ਰਕਮ ਤੋਂ ਸਮੇਂ-ਸਮੇਂ ਤੇ ਉਤਪੰਨ ਹੋਇਆ ਵਿਆਜ ਵੀ ਹਰੇਕ ਸਾਲ ਇਸ ਫੰਡ ਵਿੱਚ ਜੋੜਿਆ ਜਾਵੇਗਾ। ਗਰੰਟੀ ਫ਼ੰਡ ।

(2) ਨਿਗਮ ਵੀ ਇਸ ਫੰਡ ਵਿੱਚ ਆਪਣੇ ਅਸਲ ਲਾਭਾਂ ਦਾ ਅਜਿਹਾ ਹਿੱਸਾ ਅੰਸ਼ਦਾਨ ਕਰ ਸਕੇਗੀ ਜਿਵੇਂ ਬੋਰਡ ਦੁਆਰਾ ਫ਼ੈਸਲਾ ਕੀਤਾ ਜਾਵੇ।

20. ਡੁੱਬੇ ਰਿਣ ਫੰਡ ਵਿੱਚ ਹਰੇਕ ਸਾਲ- ਡੁੱਬੇ ਰਿਣ ਫੰਡ ।

(ੳ) ਨਿਗਮ ਦੁਆਰਾ ਉਸ ਦੇ ਅਸਲ ਲਾਭਾਂ ਦਾ ਦਸ ਪ੍ਰਤੀ ਸੈਂਕੜਾ ਜਮ੍ਹਾਂ ਕਰਵਾਇਆ ਜਾਵੇਗਾ; ਅਤੇ

(ਅ) ਰਾਜ ਸਰਕਾਰ ਦੁਆਰਾ ਅਜਿਹੀ ਰਕਮ ਗ੍ਰਾਂਟ ਵਜੋਂ ਜਮ੍ਹਾਂ ਕਰਵਾਈ ਜਾਵੇਗੀ ਜੋ ਖੰਡ (ੳ) ਅਧੀਨ ਜਮ੍ਹਾਂ ਕਰਾਈ ਗਈ ਰਕਮ ਦੇ ਬਰਾਬਰ ਹੋਵੇ:

ਪਰੰਤੂ ਇਸ ਦੀ ਕੋਈ ਗੱਲ ਰਾਜ ਸਰਕਾਰ ਨੂੰ ਇਸ ਫ਼ੰਡ ਵਿੱਚ ਜਮ੍ਹਾਂ ਕਰਾਏ ਜਾਣ ਲਈ ਅਤਿਰਿਕਤ ਗਰਾਂਟ ਵਜੋਂ ਅਜਿਹੀ ਰਕਮ ਜੋ ਉਹ ਠੀਕ ਸਮਝੇ, ਦੇਣ ਤੋਂ ਵਰਜਿਤ ਕਰਨ ਵਾਲੀ ਨਹੀਂ ਸਮਝੀ ਜਾਵੇਗੀ।

ਰਾਹਤ ਅਤੇ ਸਾਂਝਾ ਭਲਾਈ ਫੰਡ ।

21. ਰਾਹਤ ਅਤੇ ਸਾਂਝਾ ਭਲਾਈ ਫੰਡ ਵਿੱਚ ਹਰੇਕ ਸਾਲ ਨਿਗਮ ਦੇ ਅਸਲ ਲਾਭਾਂ ਦੀ ਸਾਢੇ ਸੱਤ ਪ੍ਰਤੀ ਸੈਂਕੜਾ ਤੋਂ ਨ ਵੱਧ ਦੀ ਇੰਨੀ ਰਕਮ, ਜਿੰਨੀ ਬੋਰਡ ਫੈਸਲਾ ਕਰੇ, ਜਮ੍ਹਾਂ ਕਰਵਾਈ ਜਾਵੇਗੀ।

ਅਧਿਆਇ V

ਕਰਜ਼ੇ

ਕਰਜ਼ਿਆਂ ਲਈ ਸ਼ਰਤਾਂ ਅਰੋਪਣ ਦੀ ਸ਼ਕਤੀ ।

22. ਇਸ ਐਕਟ ਦੁਆਰਾ ਅਖਤਿਆਰਤ ਕੋਈ ਕਰਜ਼ਾ ਦੇਣ ਲਈ, ਨਿਗਮ ਅਜਿਹੀਆਂ ਸ਼ਰਤਾਂ ਅਰੋਪ ਸਕੇਗੀ ਜੋ ਉਹ ਨਿਗਮ ਦੇ ਹਿੱਤਾਂ ਦੀ ਹਿਫਾਜ਼ਤ ਕਰਨ ਲਈ ਜ਼ਰੂਰੀ ਅਤੇ ਹਾਲਾਤ ਅਨੁਸਾਰ ਉਚਿਤ ਸਮਝੇ:

ਪਰੰਤੂ ਅਜਿਹੇ ਕਰਜ਼ਿਆਂ ਤੇ ਚਾਰਜ ਕਰਨਯੋਗ ਵਿਆਜ ਦੀ ਦਰ ਕਿਸੇ ਵੀ ਸੂਰਤ ਵਿੱਚ ਪੰਜਾਬ ਰਾਜ ਉਦਯੋਗ ਸਹਾਇਤਾ ਐਕਟ, 1935 ਦੇ ਅਧੀਨ ਦਿੱਤੇ ਗਏ ਕਰਜ਼ਿਆਂ ਤੇ ਚਾਰਜ ਕਰਨਯੋਗ ਵਿਆਜ ਦੀ ਦਰ ਤੋਂ ਵੱਧ ਨਹੀਂ ਹੋਵੇਗੀ।

ਕਰਾਰ ਕੀਤੀ ਮੁੱਦਤ ਭੋਂ ਪਹਿਲਾਂ ਮੁੜ ਅਦਾਇਗੀ ਮੰਗਣ ਦੀ ਸ਼ਕਤੀ ।

23. ਕਿਸੇ ਕਰਾਰ ਵਿੱਚ ਇਸਦੇ ਉਲਟ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ,-

(ੳ) ਜੇ ਬੋਰਡ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਕਰਜ਼ੇ ਲਈ ਦਰਖਾਸਤ ਵਿੱਚ ਕੋਈ ਝੂਠੀ ਜਾਂ ਕੁਰਾਹੇ ਪਾਉਣ ਵਾਲੀ ਜਾਣਕਾਰੀ ਜਾਂ ਵੇਰਵਾ ਦਿੱਤਾ ਗਿਆ ਸੀ;

(ਅ) ਜੇ ਕੋਈ ਰਿਣੀ ਨਿਗਮ ਨਾਲ਼ ਉਸ ਦੁਆਰਾ ਕੀਤੇ ਗਏ ਕਰਾਰ ਦੇ ਨਿਬੰਧਨਾਂ ਵਿੱਚੋਂ ਕਿਸੇ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਿਹਾ ਹੈ;

(ੲ) ਜੇ ਇਸ ਗੱਲ ਦਾ ਵਾਜ਼ਬੀ ਸੰਸਾ ਹੈ ਕਿ ਕੋਈ ਰਿਣੀ ਉਸ ਦੁਆਰਾ ਦੇਣਯੋਗ ਧਨ ਦੀ ਅਦਾਇਗੀ ਕਰਨ ਤੋਂ ਅਸਮਰੱਥ ਹੈ; ਜਾਂ

(ਸ) ਜੇ ਕਿਸੇ ਹੋਰ ਕਾਰਨ ਕਰਕੇ ਨਿਗਮ ਦੇ ਹਿੱਤਾਂ ਦੀ ਹਿਫਾਜ਼ਤ ਕਰਨ ਲਈ ਇਸ ਤਰ੍ਹਾਂ ਕਰਨਾ ਜ਼ਰੂਰੀ ਹੈ; ਤਾਂ ਨਿਗਮ, ਲਿਖਤੀ ਨੋਟਿਸ ਦੁਆਰਾ, ਉਸ ਰਿਣੀ ਤੋਂ ਲੋੜ ਸਕੇਗਾ ਕਿ ਉਹ ਨਿਗਮ ਨੂੰ ਆਪਣੀਆਂ ਦੇਣਦਾਰੀਆਂ ਦਾ ਪੂਰਨ ਰੂਪ ਵਿੱਚ ਤਤਕਾਲ ਨਿਸਤਾਰਾ ਕਰੇ।

ਨਿਗਮ ਨੂੰ ਦੇਣਯੋਗ ਧਨ ਦੀ ਵਸੂਲੀ ।

24. (1) ਜਿੱਥੇ ਕਰਜ਼ਿਆਂ ਜਾਂ ਪੇਸ਼ਗੀਆਂ ਜਾਂ ਨਿਗਮ ਦੁਆਰਾ ਦਿੱਤੀ ਹੋਰ ਵਿੱਤੀ ਸਹੂਲਤ ਬਾਰੇ ਕੋਈ ਰਕਮ ਕਿਸੇ ਵਿਅਕਤੀ ਦੁਆਰਾ, ਜਿਸ ਵਿੱਚ ਰਿਣੀ ਦਾ ਜ਼ਾਮਨ ਸ਼ਾਮਲ ਹੈ, ਨਿਗਮ ਨੂੰ ਦੇਣਯੋਗ ਹੈ ਉੱਥੇ ਕਾਰਜਕਾਰੀ ਡਾਇਰੈਕਟਰ ਦੁਆਰਾ ਮੁਕੱਰਰ ਰੂਪ ਵਿੱਚ ਪ੍ਰਮਾਣ-ਪੱਤਰ ਦਿੱਤੇ ਜਾਣ ਤੇ, ਅਜਿਹੀ ਰਕਮ ਉਸ ਜ਼ਿਲ੍ਹੇ ਦੇ ਕੁਲੈਕਟਰ ਦੁਆਰਾ ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲੀਯੋਗ ਹੋਵੇਗੀ ਜਿਸ ਵਿੱਚ ਉਹ ਵਿਅਕਤੀ ਜਿਸ

ਵੱਲੋਂ ਰਕਮ ਦੇਣਯੋਗ ਹੈ, ਨਿਵਾਸ ਕਰਦਾ ਹੈ ਜਾਂ ਕਾਰੋਬਾਰ ਕਰਦਾ ਹੈ ਜਾਂ ਕਿਸੇ ਸੰਪਤੀ ਦਾ ਮਾਲਕ ਹੈ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤਾ ਪ੍ਰਮਾਣ-ਪੱਤਰ ਜਾਰੀ ਕਰਨ ਤੋਂ ਪਹਿਲਾਂ, ਕਾਰਜਕਾਰੀ ਡਾਇਰੈਕਟਰ ਨਿਗਮ ਦੇ ਕਾਰੋਬਾਰ ਨਾਲ਼ ਤੱਲ਼ਕ ਨ ਰੱਖਣ ਵਾਲੇ, ਅਜਿਹੇ ਅਧਿਕਾਰੀ ਨੂੰ, ਜੋ ਰਾਜ ਸਰਕਾਰ ਦੁਆਰਾ ਇਸ ਨਮਿੱਤ ਸ਼ਕਤੀ ਪ੍ਰਾਪਤ ਹੋਵੇ, ਦਰਖਾਸਤ ਦੇਵੇਗਾ ਅਤੇ ਉਹ ਅਧਿਕਾਰੀ ਸੰਬੰਧਤ ਵਿਅਕਤੀ ਨੂੰ ਸੁਣਵਾਈ ਦਾ ਮੌਕਾ ਦੇਣ ਪਿੱਛੋਂ ਇੱਕ ਹੁਕਮ ਦੁਆਰਾ ਨਿਗਮ ਨੂੰ ਦੇਣਯੋਗ ਰਕਮ ਨਿਰਧਾਰਤ ਕਰੇਗਾ ਅਤੇ ਉਸ ਦੀ ਸੰਸੂਚਨਾ ਕਾਰਜਕਾਰੀ ਡਾਇਰੈਕਟਰ ਨੂੰ ਦੇਵੇਗਾ।

(3) ਉਪ-ਧਾਰਾ (2) ਅਧੀਨ ਰਾਜ ਸਰਕਾਰ ਤੋਂ ਸ਼ਕਤੀ ਪ੍ਰਾਪਤ ਅਧਿਕਾਰੀ ਦੁਆਰਾ ਪਾਸ ਕੀਤੇ ਹੁਕਮ ਵਿਰੁੱਧ ਅਪੀਲ ਅਜਿਹੀ ਮੁੱਦਤ ਅੰਦਰ ਅਤੇ ਅਜਿਹੀ ਅਥਾਰਟੀ ਨੂੰ ਹੋ ਸਕੇਗੀ, ਜੋ ਮੁਕੱਰਰ ਕੀਤੀ ਜਾਵੇ।

(4) ਉਪ-ਧਾਰਾ (2) ਅਧੀਨ ਸ਼ਕਤੀ ਪ੍ਰਾਪਤ ਅਧਿਕਾਰੀ ਅਤੇ ਅਪੀਲੀ ਅਥਾਰਟੀ ਅਜਿਹਾ ਜ਼ਾਬਤਾ ਅਪਨਾਉਣਗੇ ਜੋ ਮੁਕੱਰਰ ਕੀਤਾ ਜਾਵੇ।

(5) ਉਪ-ਧਾਰਾ (1) ਅਧੀਨ ਕਾਰਜਕਾਰੀ ਡਾਇਰੈਕਟਰ ਦੁਆਰਾ ਜਾਰੀ ਕੀਤਾ ਗਿਆ ਪ੍ਰਮਾਣ-ਪੱਤਰ ਅੰਤਮ ਅਤੇ ਨਿਰਣੇਈ ਹੋਵੇਗਾ ਅਤੇ ਉਹ ਕਿਸੇ ਅਥਾਰਟੀ ਜਾਂ ਅਦਾਲਤ ਅੱਗੇ ਉਜਰ ਨਹੀਂ ਕੀਤਾ ਜਾਵੇਗਾ।

(6) ਕਰਜ਼ੇ ਬਾਰੇ ਨਿਗਮ ਨੂੰ ਦੇਣਯੋਗ ਕਿਸੇ ਰਕਮ ਦੇ ਵਸੂਲ ਕਰਨ ਦੇ ਪ੍ਰਯੋਜਨ ਲਈ ਮੂਲ ਰਿਣੀ ਦੇ ਜ਼ਾਮਨ ਦੇ ਵਿਰੁੱਧ ਕਾਰਵਾਈ ਕਰਨ ਤੋਂ ਪਹਿਲਾਂ ਮੂਲ ਰਿਣੀ ਦੇ ਵਿਰੁੱਧ ਕਾਰਵਾਈ ਕਰਨੀ ਜ਼ਰੂਰੀ ਨਹੀਂ ਹੋਵੇਗੀ।

ਰਿਣੀ ਦੀ ਸੰਪੱਤੀ ਤੇ ਨਿਗਮ ਦੇ ਕਰਜ਼ਿਆਂ ਦਾ ਪਹਿਲਾ ਭਾਰ ਹੋਣਾ।

25. ਤੱਤ ਸਮੇਂ ਨਾਫ਼ਜ ਕਿਸੇ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪਰ ਸੰਸਦ ਦੁਆਰਾ ਬਣਾਏ ਗਏ ਕਿਸੇ ਕਾਨੂੰਨ ਵਿੱਚ ਚਾਰਜਿਜ਼ ਦੇ ਅਗੇਤ ਕ੍ਰਮ ਸਬੰਧੀ ਉਪਬੰਧਾਂ ਦੇ ਅਤੇ ਸਰਕਾਰ ਦੁਆਰਾ ਮਾਲੀਏ ਜਾਂ ਮਾਲੀਏ ਦੇ ਬਕਾਏ ਵਜੋਂ ਵਸੂਲੀਯੋਗ ਕਿਸੇ ਧਨ ਬਾਰੇ ਅਗੇਤ ਕ੍ਰਮ ਵਿੱਚ ਪਹਿਲ ਰੱਖਦੇ ਕਿਸੇ ਦਾਅਵੇ ਦੇ ਤਾਬੇ, ਇਸ ਐਕਟ ਅਧੀਨ ਨਿਗਮ ਦੁਆਰਾ ਦਿੱਤਾ ਗਿਆ ਕਰਜ਼ਾ ਉਸ ਤੇ ਉਤਪੰਨ ਹੋਏ ਵਿਆਜ ਅਤੇ ਉਸ ਦੀ ਵਸੂਲੀ ਦੇ ਖਰਚੇ ਸਮੇਤ ਰਿਣੀ ਦੀ ਸੰਪਤੀ 'ਤੇ ਪਹਿਲਾ ਭਾਰ ਹੋਵੇਗਾ।

ਅਧਿਆਇ VI

ਲੇਖੇ ਅਤੇ ਆਡਿਟ

ਲੇਖੇ। 26. (1) ਨਿਗਮ ਦਾ ਸੰਤੁਲਨ-ਪੱਤਰ ਅਤੇ ਲੇਖੇ, ਜਿਸ ਵਿੱਚ ਲਾਭ ਅਤੇ ਹਾਨ ਲੇਖਾ ਸ਼ਾਮਲ ਹੈ, ਅਜਿਹੇ ਰੂਪ ਵਿੱਚ ਅਤੇ ਅਜਿਹੇ ਤਰੀਕੇ ਨਾਲ਼ ਤਿਆਰ ਕੀਤੇ ਅਤੇ ਰੱਖੇ ਜਾਣਗੇ ਜੋ ਮੁਕੱਰਰ ਕੀਤਾ ਜਾਵੇ।

(2) ਬੋਰਡ ਹਰ ਸਾਲ-ਮਾਰਚ ਦੇ ਇਕੱਤੀਵੇਂ ਦਿਨ ਨਿਗਮ ਦੀਆਂ ਵਹੀਆਂ ਅਤੇ ਲੇਖੇ ਸੰਤੁਲਤ ਕਰਵਾਏਗਾ ਅਤੇ ਉਨ੍ਹਾਂ ਨੂੰ ਬੰਦ ਕਰਵਾਏਗਾ।

ਆਡਿਟ। 27. (1) ਨਿਗਮ ਦੇ ਲੇਖੇ ਮਹਾਂ-ਲੇਖਾਕਾਰ ਪੰਜਾਬ ਦੁਆਰਾ, ਜਾਂ ਅਜਿਹੇ ਵਿਅਕਤੀ ਦੁਆਰਾ ਆਡਿਟ ਕੀਤੇ ਜਾਣਗੇ ਜੋ ਇਸ ਨਮਿੱਤ ਉਸ ਦੁਆਰਾ ਅਖਤਿਆਰਤ ਕੀਤਾ ਜਾਵੇ, ਅਤੇ ਅਜਿਹੇ ਆਡਿਟ ਅਤੇ ਆਡਿਟ ਰਿਪੋਟ ਦੀ ਤਿਆਰੀ ਦੇ ਸੰਬੰਧ ਵਿੱਚ ਉਸ ਦੁਆਰਾ ਉਠਾਇਆ ਗਿਆ ਖਰਚ, ਮਹਾਂ, ਲੇਖਾਕਾਰ, ਪੰਜਾਬ ਨੂੰ ਨਿਗਮ ਦੁਆਰਾ ਅਦਾਇਗੀਯੋਗ ਹੋਵੇਗਾ।

(2) ਮਹਾਂ-ਲੇਖਾਕਾਰ, ਪੰਜਾਬ ਨੂੰ ਨਿਗਮ ਦੇ ਸਾਲਾਨਾ ਸੰਤੁਲਨ-ਪੱਤਰ ਅਤੇ ਲਾਭ ਅਤੇ ਹਾਨ ਲੇਖੇ ਦੀ ਇੱਕ ਨਕਲ ਸਪਲਾਈ ਕੀਤੀ ਜਾਵੇਗੀ ਅਤੇ ਉਸਦਾ ਇਹ ਕਰਤੱਵ ਹੋਵੇਗਾ ਕਿ ਉਹ ਉਨ੍ਹਾਂ ਨਾਲ਼ ਸੰਬੰਧਤ ਲੇਖਿਆਂ ਅਤੇ ਵਾਊਚਰਾਂ ਸਮੇਤ ਉਨ੍ਹਾਂ ਦੀ ਪਰੀਖਿਆ ਕਰੇ ਅਤੇ ਉਸਦੇ ਹਵਾਲੇ ਕੀਤੀ ਨਿਗਮ ਦੁਆਰਾ ਰੱਖੀਆਂ ਸਾਰੀਆਂ ਵਹੀਆਂ ਦੀ ਇੱਕ ਸੂਚੀ ਉਸ ਕੋਲ ਹੋਵੇਗੀ ਅਤੇ ਨਿਗਮ ਦੇ ਲੇਖਿਆਂ ਦੇ ਆਡਿਟ ਦੇ ਸੰਬੰਧ ਵਿੱਚ ਉਹ ਅਤੇ ਉਸ ਦੁਆਰਾ ਅਖਤਿਆਰਤ ਕੋਈ ਵਿਅਕਤੀ ਅਜਿਹੇ ਆਡਿਟ ਦੇ ਸੰਬੰਧ ਵਿੱਚ ਉਹੀ ਅਧਿਕਾਰ, ਵਿਸ਼ੇਸ਼-ਅਧਿਕਾਰ ਅਤੇ ਅਥਾਰਿਟੀ ਰੱਖੇਗਾ ਜੋ ਉਹ ਰਾਜ ਸਰਕਾਰ ਦੇ ਲੇਖਿਆਂ ਦੇ ਆਡਿਟ ਦੇ ਸੰਬੰਧ ਵਿੱਚ ਰੱਖਦਾ ਹੈ ਅਤੇ ਸਭ ਵਾਜਬ ਸਮਿਆਂ ਤੇ ਨਿਗਮ ਦੀਆਂ ਵਹੀਆਂ, ਲੇਖੇ ਅਤੇ ਹੋਰ ਦਸਤਾਵੇਜ਼ਾਂ ਉਸਦੀ ਪਹੁੰਚ ਵਿੱਚ ਹੋਣਗੀਆਂ ਅਤੇ ਨਿਗਮ ਦੇ ਕਿਸੇ ਡਾਇਰੈਕਟਰ ਜਾਂ ਅਧਿਕਾਰੀ ਤੋਂ ਅਜਿਹੀ ਜਾਣਕਾਰੀ ਲੋੜ ਸਕੇਗਾ ਜੋ ਮਹਾਂ ਲੇਖਾਕਾਰ, ਪੰਜਾਬ ਆਪਣੇ ਕਰਤੱਵਾਂ ਦੀ ਪਾਲਣਾ ਕਰਨ ਲਈ ਜ਼ਰੂਰੀ ਸਮਝੇ।

(3) ਮਹਾਂ ਲੇਖਾਕਾਰ, ਪੰਜਾਬ ਆਪਣੇ ਦੁਆਰਾ ਪਰੀਖਿਆ ਕੀਤੇ ਗਏ ਸਾਲਾਨਾ ਸੰਤੁਲਨ-ਪੱਤਰ ਅਤੇ ਲੇਖਿਆਂ ਦੀ ਰਿਪੋਟ ਨਿਗਮ ਨੂੰ ਪੇਸ਼ ਕਰੇਗਾ ਅਤੇ ਅਜਿਹੀ ਹਰੇਕ ਰਿਪੋਟ ਵਿੱਚ ਉਹ ਬਿਆਨ ਕਰੇਗਾ ਕਿ ਕੀ, ਉਸਦੀ ਰਾਏ ਵਿੱਚ ਸੰਤੁਲਨ ਪੱਤਰ ਮੁਕੰਮਲ ਅਤੇ ਮੁਨਾਸਬ ਸੰਤੁਲਨ-ਪੱਤਰ ਹੈ ਜਿਸ ਵਿੱਚ ਸਭ ਜ਼ਰੂਰੀ ਵੇਰਵੇ ਦਰਜ ਹਨ ਅਤੇ ਜੋ ਉਚਿਤ ਤੌਰ ਤੇ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਉਹ ਨਿਗਮ ਦੇ ਕਾਰ-ਵਿਹਾਰ ਦੀ ਹਾਲਤ ਦੀ ਸਹੀ ਅਤੇ ਮੁਨਾਸਬ ਦ੍ਰਿਸ਼ਟੀ ਪਵਾਉਂਦਾ ਹੈ।

(4) ਨਿਗਮ, ਉਸ ਤਰੀਕ ਤੋਂ, ਜਿਸਨੂੰ ਉਸਦੇ ਲੇਖੇ ਬੰਦ ਅਤੇ ਸੰਤੁਲਤ ਕੀਤੇ ਜਾਂਦੇ ਹਨ, ਚਾਰ ਮਹੀਨਿਆਂ ਦੇ ਅੰਦਰ ਆਪਣੇ ਸੰਤੁਲਨ-ਪੱਤਰ ਅਤੇ ਲੇਖਿਆਂ ਦੀ ਨਕਲ

ਮਹਾਂ-ਲੇਖਾਕਾਰ, ਪੰਜਾਬ ਦੀ ਰਿਪੋਟ ਦੀ ਨਕਲ ਸਮੇਤ, ਅਤੇ ਸੁਸੰਗਤ ਸਾਲ ਦੇ ਦੌਰਾਨ ਨਿਗਮ ਦੇ ਕੰਮਕਾਜ ਦੇ ਬਾਰੇ ਇੱਕ ਰਿਪੋਟ, ਰਾਜ ਸਰਕਾਰ ਨੂੰ ਦੇਵੇਗੀ।

(5) ਉਪ-ਧਾਰਾ (4) ਵਿੱਚ ਹਵਾਲਾ ਦਿੱਤੀਆਂ ਰਿਪੋਟਾਂ ਦੀਆਂ ਨਕਲਾਂ, ਰਾਜ ਸਰਕਾਰ ਦੁਆਰਾ, ਜਿੰਨੀ ਛੇਤੀ ਹੋ ਸਕੇ, ਰਾਜ ਦੇ ਵਿਧਾਨ ਮੰਡਲ ਦੇ ਸਦਨ ਅੱਗੇ ਰੱਖੀਆਂ ਜਾਣਗੀਆਂ।

## ਅਧਿਆਇ VII

## ਫੁਟਕਲ

28. (1) ਇਸ ਐਕਟ ਤੋਂ ਬਿਨਾਂ ਕਾਨੂੰਨ ਦਾ ਹੋਰ ਕੋਈ ਉਪਬੰਧ ਜੋ ਕੰਪਨੀਆਂ ਜਾਂ ਨਿਗਮਾਂ ਦੇ ਸਮਾਪਤ ਕਰਨ, ਤੁੜਾਉ ਜਾਂ ਸਮਾਪਨ ਨਾਲ਼ ਸੰਬੰਧਤ ਹੈ, ਨਿਗਮ ਤੇ ਲਾਗੂ ਨਹੀਂ ਹੋਵੇਗਾ। ਬੋਰਡ ਦਾ ਤੁੜਾਉ।

(2) ਜੇ ਨਿਗਮ ਆਪਣੀਆਂ ਸ਼ਕਤੀਆਂ ਤੋਂ ਅੱਗੇ ਵੱਧ ਜਾਂਦੀ ਹੈ ਜਾਂ ਧਾਰਾ 27 ਅਧੀਨ ਰਿਪੋਟ ਮਿਲਣ ਤੇ ਰਾਜਪਾਲ ਬੋਰਡ ਨੂੰ ਇਸ ਗੱਲ ਦਾ ਕਾਰਣ ਦੱਸਣ ਲਈ ਕਹਿ ਸਕੇਗਾ ਕਿ ਕਿਉਂ ਨ ਉਸਨੂੰ ਤੋੜ ਦਿੱਤਾ ਜਾਵੇ, ਅਤੇ ਜੇ ਉਲਿਖਤ ਮੁੱਦਤ ਅੰਦਰ ਕੋਈ ਸਪੱਸ਼ਟੀਕਰਣ ਨਹੀਂ ਦਿੱਤਾ ਜਾਂਦਾ ਜਾਂ ਜੇ ਰਾਜਪਾਲ ਦੀ ਸਪੱਸ਼ਟੀਕਰਣ ਨਾਲ਼ ਤਸੱਲੀ ਨਹੀਂ ਹੁੰਦੀ ਤਾਂ ਉਹ ਬੋਰਡ ਨੂੰ ਅਜਿਹੀ ਤਰੀਕ ਤੋਂ ਤੋੜ ਸਕੇਗਾ ਜੋ ਉਲਿਖਤ ਕੀਤੀ ਜਾਵੇ।

29. (1) ਜਦ ਧਾਰਾ 28 ਅਧੀਨ ਬੋਰਡ ਤੋੜ ਦਿੱਤਾ ਜਾਂਦਾ ਹੈ ਤਦ- ਬੋਰਡ ਦੇ ਤੁੜਾਉ ਦੇ ਪਰਿਣਾਮ।

(i) ਸਾਰੇ ਡਾਇਰੈਕਟਰ, ਤੜਾਉ ਦੀ ਤਰੀਕ ਤੋਂ,ਆਪਣੇ ਅਹੁਦੇ ਖਾਲੀ ਕਰ ਦੇਣਗੇ;

(ii) ਤੁੜਾਉ ਦੀ ਮੁੱਦਤ ਦੇ ਦੌਰਾਨ ਬੋਰਡ ਦੀਆਂ ਸਾਰੀਆਂ ਸ਼ਕਤੀਆਂ ਅਤੇ ਕਰਤੱਵਾਂ ਦੀ ਅਜਿਹੇ ਵਿਅਕਤੀ ਜਾਂ ਵਿਅਕਤੀਆਂ ਦੁਆਰਾ ਵਰਤੋਂ ਅਤੇ ਪਾਲਣਾ ਕੀਤੀ ਜਾਵੇਗੀ, ਜਿਨ੍ਹਾਂ ਨੂੰ ਰਾਜ ਸਰਕਾਰ ਇਸ ਨਮਿੱਤ ਨਿਯੁਕਤ ਕਰੇ;

(iii) ਨਿਗਮ ਵਿੱਚ ਨਿਹਿਤ ਸਾਰੇ ਫੰਡ ਅਤੇ ਹੋਰ ਸੰਪਤੀ, ਤੁੜਾਉ ਦੀ ਮੁੱਦਤ ਦੇ ਦੌਰਾਨ ਰਾਜ ਸਰਕਾਰ ਵਿੱਚ ਨਿਹਿਤ ਹੋਣਗੇ।

(2) ਰਾਜਪਾਲ, ਸਵੈ-ਵਿਵੇਕ ਅਨੁਸਾਰ, ਅਜਿਹੀ ਮੁੱਦਤ ਪਿੱਛੋਂ ਜੋ ਉਹ ਠੀਕ ਸਮਝੇ, ਬੋਰਡ ਦਾ ਮੁੜ-ਗਠਨ ਕਰ ਸਕੇਗਾ।

30. ਇਸ ਐਕਟ ਵਿੱਚ ਸਪੱਸ਼ਟ ਤੌਰ ਤੇ ਹੋਰਵੇਂ ਉਪਬੰਧਤ ਨੂੰ ਛੱਡ ਕੇ, ਕਿਸੇ ਦੀਵਾਨੀ ਅਦਾਲਤ ਨੂੰ ਅਜਿਹੇ ਕਿਸੇ ਮਾਮਲੇ ਬਾਰੇ ਕੋਈ ਦਾਵਾ ਜਾਂ ਕਾਰਵਾਈ ਗ੍ਰਹਿਣ ਕਰਨ ਦੀ ਅਧਿਕਾਰਤਾ ਨਹੀਂ ਹੋਵੇਗੀ ਜਿਸਨੂੰ ਤੈਅ ਕਰਨ ਲਈ ਨਿਗਮ ਜਾਂ ਇਸ ਐਕਟ ਅਧੀਨ ਅਧਿਕਾਰਤਾ ਦੀ ਬਾਰ।

ਨਿਯੁਕਤ ਕੀਤਾ ਗਿਆ ਅਧਿਕਾਰੀ ਜਾਂ ਅਥਾਰਟੀ ਇਸ ਐਕਟ ਦੁਆਰਾ ਜਾਂ ਅਧੀਨ ਸ਼ਕਤੀ ਪ੍ਰਾਪਤ ਹੈ, ਅਤੇ ਇਸ ਐਕਟ ਦੁਆਰਾ ਜਾਂ ਅਧੀਨ ਪ੍ਰਦਾਨ ਕੀਤੀ ਕਿਸੇ ਸ਼ਕਤੀ ਦੇ ਅਨੁਸਰਣ ਵਿੱਚ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਕਿਸੇ ਕਾਰਵਾਈ ਬਾਰੇ ਕਿਸੇ ਅਦਾਲਤ ਜਾਂ ਹੋਰ ਅਥਾਰਟੀ ਦੁਆਰਾ ਕੋਈ ਮਨਾਹੀ-ਹੁਕਮ ਨਹੀਂ ਕੀਤਾ ਜਾਵੇਗਾ।

ਨੇਕ ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਉ ।

31. ਇਸ ਐਕਟ ਦੇ ਅਨੁਸਰਣ ਵਿੱਚ ਨੇਕ ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਦੁਆਰਾ ਕਾਰਤ ਹੋਏ ਜਾਂ ਕਾਰਤ ਹੋਣੇ ਸੰਭਾਵੀ ਕਿਸੇ ਹਾਨ ਜਾਂ ਨੁਕਸਾਨ ਲਈ ਨਿਗਮ ਜਾਂ ਕਿਸੇ ਡਾਇਰੈਕਟਰ, ਜਿਸ ਵਿੱਚ ਕਾਰਜਕਾਰੀ ਡਾਇਰੈਕਟਰ ਸ਼ਾਮਲ ਹੈ ਜਾਂ ਕਿਸੇ ਅਧਿਕਾਰੀ ਜਾਂ ਕਰਮਚਾਰੀ ਜਾਂ ਇਸ ਐਕਟ ਅਧੀਨ ਕੋਈ ਕਾਜਕਾਰ ਨਿਭਾਉਣ ਲਈ ਨਿਯਮ ਦੁਆਰਾ ਅਖਤਿਆਰਤ ਕਿਸੇ ਹੋਰ ਵਿਅਕਤੀ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ।

ਡਾਇਰੈਕਟਰਾਂ ਦਾ ਨਿਸਤਾਰਾ ।

32. (1) ਨਿਗਮ ਦੁਆਰਾ ਹਰੇਕ ਡਾਇਰੈਕਟਰ ਨੂੰ ਉਸਦੇ ਕਰਤੱਵਾਂ ਦੇ ਨਿਭਾਉਣ ਵਿੱਚ ਉਸ ਦੁਆਰਾ ਉਠਾਏ ਗਏ ਸਾਰੇ ਹਾਨਾਂ ਅਤੇ ਖਰਚਿਆਂ ਦੇ ਬਦਲੇ, ਸਿਵਾਏ ਉਨ੍ਹਾਂ ਦੇ ਜੋ ਉਸਦੇ ਜਾਣ-ਬੁੱਝ ਕੇ ਕੀਤੇ ਗਏ ਕਾਰਜ ਜਾਂ ਕੁਤਾਹੀ ਦੁਆਰਾ ਕਾਰਤ ਹੋਏ ਹਨ, ਨਿਸਤਾਰਤ ਰੱਖਿਆ ਜਾਵੇਗਾ।

(2) ਇੱਕ ਡਾਇਰੈਕਟਰ, ਕਿਸੇ ਹੋਰ ਡਾਇਰੈਕਟਰ ਲਈ, ਜਾ ਨਿਗਮ ਦੇ ਕਿਸੇ ਅਧਿਕਾਰੀ ਜਾਂ ਹੋਰ ਕਰਮਚਾਰੀ ਲਈ, ਜਾਂ ਨਿਗਮ ਨੂੰ ਹੋਣ ਵਾਲੇ ਅਜਿਹੇ ਹਾਨ ਜਾਂ ਖਰਚਿਆਂ ਲਈ, ਜੋ ਨਿਗਮ ਦੇ ਨਮਿੱਤ ਨੇਕ-ਨੀਤੀ ਨਾਲ ਅਰਜਤ ਕੀਤੀ ਜਾਂ ਲਈ ਗਈ ਕਿਸੇ ਸੰਪੱਤੀ ਜਾਂ ਸਿਕਿਉਰਿਟੀ ਦੇ ਮੁੱਲ ਜਾਂ ਉਸਦੇ ਪ੍ਰਤੀ ਹੱਕ ਦੇ ਨਾਕਾਫ਼ੀ ਹੋਣ ਜਾਂ ਊਣਤਾਈ ਜਾਂ ਕਿਸੇ ਰਿਣੀ ਜਾਂ ਨਿਗਮ ਦੇ ਪ੍ਰਤਿ ਬਾਂਧ ਅਧੀਨ ਕਿਸੇ ਵਿਅਕਤੀ ਦੇ ਦਿਵਾਲੇ ਜਾਂ ਦੋਸ਼ਪੂਰਨ ਕਾਰਜ ਦੁਆਰਾ, ਜਾਂ ਉਸਦੇ ਅਹੁਦੇ ਦੇ ਜਾਂ ਅਹੁਦੇ ਦੇ ਸੰਬੰਧ ਵਿੱਚ ਕਰਤੱਵਾਂ ਦੀ ਤਕਮੀਲ ਵਿੱਚ ਨੇਕਨੀਤੀ ਨਾਲ ਕੀਤੀ ਗਈ ਕਿਸੇ ਗੱਲ ਦੁਆਰਾ ਹੋਏ ਹੋਣ, ਜ਼ਿੰਮੇਵਾਰ ਨਹੀਂ ਹੋਵੇਗਾ।

ਰਜਿਸਟਰੀਕਰਣ ਫੀਸ ਅਤੇ ਸਟੈਂਪ ਮਸੂਲ ਤੋਂ ਛੋਟ ।

33. ਨਿਗਮ ਦੁਆਰਾ ਜਾਂ ਉਸਦੇ ਨਮਿੱਤ ਉਸਦੇ ਕਾਰੋਬਾਰ ਸੰਬੰਧੀ ਤਕਮੀਲ ਕੀਤੀਆਂ ਸਾਰੀਆਂ ਲਿਖਤਾਂ ਨੂੰ ਅਸ਼ਟਾਮ ਮਸੂਲ ਅਤੇ ਰਜਿਸਟਰੀਕਰਨ ਫੀਸ ਦੀ ਅਦਾਇਗੀ ਤੋਂ ਛੋਟ ਹੋਵੇਗੀ:

ਪਰੰਤੂ ਅਸ਼ਟਾਮ ਮਸੂਲ ਦੀ ਅਦਾਇਗੀ ਤੋਂ ਛੋਟ ਕੇਵਲ ਅਜਿਹੀਆਂ ਲਿਖਤਾਂ ਦੀ ਸੂਰਤ ਵਿੱਚ ਲਾਗੂ ਹੋਵੇਗੀ ਜੋ ਭਾਰਤੀ ਮਸੂਲ ਐਕਟ, 1899, ਦੀ ਅਨੁਸੂਚੀ 1-ੳ ਵਿੱਚ ਉਲਿਖਤ ਹਨ।

33-ੳ ਨਿਗਮ ਇਸ ਐਕਟ ਦੇ ਕਾਰਜਕੁਸ਼ਲ ਪ੍ਰਸ਼ਾਸਨ ਲਈ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗੀ ਜੋ ਰਾਜ ਸਰਕਾਰ ਦੁਆਰਾ ਇਸ ਨੂੰ ਸਮੇਂ-ਸਮੇਂ ਤੇ ਜਾਰੀ ਕੀਤੇ ਜਾਣ। ਰਾਜ ਸਰਕਾਰ ਦੀ ਨਿਰਦੇਸ਼ ਦੇਣ ਦੀ ਸ਼ਕਤੀ ।

34. (1) ਬੋਰਡ, ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਦੇ ਪ੍ਰਯੋਜਨ ਲਈ, ਰਾਜ ਸਰਕਾਰ ਦੀ ਪੂਰਵ-ਮਨਜ਼ੂਰੀ ਨਾਲ, ਸਮੇਂ-ਸਮੇਂ ਤੇ ਅਜਿਹੇ ਵਿਨਿਯਮ ਬਣਾ ਸਕੇਗਾ ਜੋ ਇਸ ਐਕਟ ਅਤੇ ਉਸ ਅਧੀਨ ਬਣਾਏ ਗਏ ਨਿਯਮਾਂ ਨਾਲ ਅਸੰਗਤ ਨਾ ਹੋਣ। ਵਿਨਿਯਮ ਬਣਾਉਣ ਦੀ ਸ਼ਕਤੀ ।

(2) ਖਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਵਿਨਿਯਮ ਹੇਠ-ਲਿਖਿਆਂ ਲਈ ਉਪਬੰਧ ਕਰ ਸਕਣਗੇ:-

(ੳ) ਬੋਰਡ ਦੀਆਂ ਇਕੱਤਰਤਾਵਾਂ ਦਾ ਸਮਾਂ ਅਤੇ ਥਾਵਾਂ ਅਤੇ ਅਜਿਹੀਆਂ ਇਕੱਤਰਤਾਵਾਂ ਦੇ ਸੰਬੰਧ ਵਿੱਚ ਅਪਣਾਇਆ ਜਾਣ ਵਾਲਾ ਜ਼ਾਬਤਾ ਜਿਸ ਵਿੱਚ ਕਾਰਜ ਦੇ ਨੇਪਰੇ ਚਾੜ੍ਹਨ ਲਈ ਜ਼ਰੂਰੀ ਕੋਰਮ ਸ਼ਾਮਲ ਹੈ;

(ਅ) ਉਹ ਸ਼ਰਤਾਂ ਜੋ ਨਿਗਮ ਕਰਜ਼ੇ ਦੇਣ ਵੇਲੇ ਜਾਂ ਹੋਰ ਇੰਤਜ਼ਾਮ ਕਰਨ ਵੇਲੇ ਅਰੋਪ ਸਕੇਗੀ;

(ੲ) ਕਰਜ਼ਿਆਂ ਤੇ ਵਿਆਜ ਦੀ ਦਰ;

(ਸ) ਉਹ ਕਰਤੱਵ ਜਿਨ੍ਹਾਂ ਦਾ ਪਾਲਣ ਕਾਰਜਕਾਰੀ ਡਾਇਰੈਕਟਰ ਕਰੇਗਾ;

(ਹ) ਨਿਗਮ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੇ ਕਰਤੱਵ, ਆਚਰਨ, ਤਨਖ਼ਾਹ, ਭੱਤੇ ਅਤੇ ਸੇਵਾ ਦੀਆਂ ਸ਼ਰਤਾਂ;

(ਕ) ਨਿਗਮ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸ਼ਕਤੀਆਂ ਅਤੇ ਕਾਜਕਾਰ ਸੌਂਪਣਾ;

(ਖ) ਨਿਗਮ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਲਈ ਪ੍ਰਾਵੀਡੈਂਟ ਅਤੇ ਹੋਰ ਸਹੂਲਤੀ ਫੰਡਾਂ ਦੀ ਸਥਾਪਨਾ ਅਤੇ ਰੱਖ-ਰਖਾਅ;

(ਗ) ਆਮ ਕਰਕੇ, ਨਿਗਮ ਦੇ ਕਾਰ-ਵਿਹਾਰ ਦਾ ਕਾਰਜ ਕੁਸ਼ਲਤਾ ਨਾਲ ਸੰਚਾਲਣ।

35. (1) ਰਾਜ ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਸਾਰੇ ਪ੍ਰਯੋਜਨਾਂ ਜਾਂ ਉਨ੍ਹਾਂ ਵਿੱਚੋਂ ਕਿਸੇ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ। ਨਿਯਮ ਬਣਾਉਣ ਦੀ ਸ਼ਕਤੀ ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ ਅਜਿਹੇ ਨਿਯਮ ਹੇਠ-ਲਿਖੇ ਸਾਰੇ ਮਾਮਲਿਆਂ ਜਾਂ ਉਨ੍ਹਾਂ ਵਿੱਚੋਂ ਕਿਸੇ ਲਈ ਉਪਬੰਧ ਕਰ ਸਕਣਗੇ, ਅਰਥਾਤ-

(ੳ) ਡਾਇਰੈਕਟਰਾਂ ਦੀ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ ਅਤੇ ਉਨ੍ਹਾਂ ਨੂੰ ਅਦਾਇਗੀਯੋਗ ਫੀਸਾਂ ਅਤੇ ਭੱਤੇ;

(ਅ) ਧਾਰਾ 24 ਅਧੀਨ ਉਹ ਫਾਰਮ ਜਿਸ ਵਿੱਚ ਕਾਰਜਕਾਰੀ ਡਾਇਰੈਕਟਰ ਦੁਆਰਾ ਪ੍ਰਮਾਣ-ਪੱਤਰ ਜਾਰੀ ਕੀਤਾ ਜਾਵੇਗਾ, ਉਹ ਮੁੱਦਤ ਜਿਸ ਅੰਦਰ ਅਪੀਲ ਦਾਇਰ ਕੀਤੀ ਜਾਵੇਗੀ ਅਤੇ ਉਹ ਜਾਬਤਾ ਜੋ ਰਕਮ ਤੈਅ ਕਰਨ ਵਿੱਚ ਅਤੇ ਅਪੀਲ ਵਿੱਚ ਅਪਣਾਇਆ ਜਾਵੇਗਾ;

(ੲ) ਉਹ ਰੂਪ ਜਿਸ ਵਿੱਚ ਅਤੇ ਉਹ ਤਰੀਕਾ ਜਿਸ ਨਾਲ਼ ਲੇਖੇ ਰੱਖੇ ਜਾਣਗੇ, ਅਤੇ ਸੰਤੁਲਨ-ਪੱਤਰ ਅਤੇ ਲਾਭ ਅਤੇ ਹਾਨ ਲੇਖਾ ਤਿਆਰ ਕੀਤਾ ਜਾਵੇਗਾ;

(ਸ) ਕੋਈ ਹੋਰ ਮਾਮਲਾ ਜਿਸਦਾ ਮੁਕੱਰਰ ਕੀਤਾ ਜਾਣਾ ਲੋੜੀਂਦਾ ਹੈ ਜਾਂ ਮੁਕੱਰਰ ਕੀਤਾ ਜਾ ਸਕਦਾ ਹੈ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ ਉਸਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ ਰਾਜ ਵਿਧਾਨ ਮੰਡਲ ਦੇ ਸਦਨ ਅੱਗੇ ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ; ਅਤੇ ਜੋ ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਉਹ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ ਤਾਂ ਨਿਯਮ ਉਸ ਤੋਂ ਪਿੱਛੋਂ ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਣਗੇ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਣ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਕਿਸੇ ਗੱਲ ਦੀ ਜ਼ਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3706/4-2026/Pb. Govt. Press, S.A.S. Nagar*

ਭਾਗ -1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 30 ਅਪ੍ਰੈਲ, 2026

**ਨੰ: 37/ਭ.ਕ./2026.-** ਲੈਮਰਿਨ ਟੈਕ ਸਕਿੱਲਜ ਯੂਨੀਵਰਸਿਟੀ, ਪੰਜਾਬ ਐਕਟ, 2021 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 30th April, 2026

**No. 37/L.C./2026.-** The Translation in Punjabi of the Lamrin Tech Skills University, Punjab Act, 2021 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ, ਪੰਜਾਬ ਐਕਟ, 2021

(2021 ਦਾ ਪੰਜਾਬ ਐਕਟ ਨੰ: 22)

ਪੰਜਾਬ ਰਾਜ ਵਿੱਚ ਇੰਜੀਨੀਅਰਿੰਗ, ਪ੍ਰਬੰਧਨ, ਮੈਡੀਕਲ ਤਕਨਾਲੋਜੀ ਹੁਨਰ, ਪ੍ਰਾਹੁਣਚਾਰੀ, ਸੈਰ-ਸਪਾਟਾ, ਵਿੱਤ, ਲੇਖਾਕਾਰੀ, ਸਿਹਤ ਸੰਭਾਲ, ਤੰਦਰੁਸਤੀ, ਖੇਤੀਬਾੜੀ, ਤਕਨਾਲੋਜੀ, ਅਤੇ ਪ੍ਰਬੰਧਨ, ਉੱਦਮਤਾ, ਕਿੱਤਾਮੁੱਖੀ ਸਿੱਖਿਆ ਵਿੱਚ ਵਿਸ਼ੇਸ਼ ਤੌਰ ਤੇ ਤਿਆਰ ਕੀਤੇ ਗਏ ਹੁਨਰ-ਆਧਾਰਤ ਪ੍ਰੋਗਰਾਮਾਂ ਅਤੇ ਉਦਯੋਗ ਦੀ ਮੰਗ ਨੂੰ ਪੂਰਾ ਕਰਨ ਲਈ ਸਮੇਂ-ਸਮੇਂ ਤੇ ਲੋੜੀਂਦੇ ਹੋਰ ਪ੍ਰੋਗਰਾਮਾਂ ਅਤੇ ਉਦਯੋਗ ਅਤੇ ਵਿਦੇਸ਼ੀ ਯੂਨੀਵਰਸਿਟੀਆਂ ਦੇ ਸਹਿਯੋਗ ਨਾਲ ਹੁਨਰ-ਆਧਾਰਤ ਹੋਰ ਪ੍ਰੋਗਰਾਮਾਂ ਜਿਵੇਂ ਸਬੰਧਤ ਨਿਯੰਤਰਕ ਅਥਾਰਟੀ ਦੇ ਅਧੀਨ ਇਜ਼ਾਜਤ ਹੋਵੇ, ਸਮੇਤ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਸਿੱਖਿਆ-ਦੀਖਿਆ, ਅਧਿਆਪਨ, ਸਿੱਖਿਆ, ਖੋਜ, ਸਿਖਲਾਈ ਅਤੇ ਸਾਰੇ ਪੱਧਰਾਂ ਦੀਆਂ ਸਬੰਧਤ ਸਰਗਰਮੀਆਂ ਲਈ ਉਪਬੰਧ ਕਰਨ ਦੇ ਪ੍ਰਯੋਜਨਾਂ ਲਈ ਅਤੇ ਉਨ੍ਹਾਂ ਨਾਲ ਤੱਲਕ ਰੱਖਦੇ ਅਤੇ/ਜਾਂ ਉਨ੍ਹਾਂ ਦੇ ਅਨੁਸੰਗਕ ਮਾਮਲਿਆਂ ਲਈ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ, ਪੰਜਾਬ ਦੇ

ਨਾਂ ਨਾਲ ਜਾਣੀ ਜਾਂਦੀ ਇੱਕ ਯੂਨੀਵਰਸਿਟੀ ਸਥਾਪਤ ਕਰਨ ਅਤੇ ਨਿਗਮਤ ਕਰਨ ਲਈ ਇੱਕ ਐਕਟ।

ਜਦੋਂ ਕਿ ਰਿਆਤ ਸਿੱਖਿਅਕ ਅਤੇ ਖੋਜ ਟਰੱਸਟ, ਜੋ ਕਿ ਸੋਸਾਇਟੀਜ਼ ਰਜਿਸਟ੍ਰੀਕਰਨ ਐਕਟ, 1860 (1860 ਦਾ ਕੇਂਦਰੀ ਐਕਟ XXI) ਦੇ ਉਪਬੰਧਾਂ ਅਧੀਨ ਰਜਿਸਟਰਸ਼ੁਦਾ ਹੈ, ਨੇ ਪੰਜਾਬ ਪ੍ਰਾਈਵੇਟ ਯੂਨੀਵਰਸਿਟੀ ਨੀਤੀ, 2010 ਦੇ ਆਧਾਰ ਤੇ ਪੰਜਾਬ ਰਾਜ ਵਿੱਚ ਇੱਕ ਸਵੈ-ਵਿੱਤੀ ਪੋਸ਼ਣ ਨਾਲ ਉਚੇਰੀ ਸਿੱਖਿਆ ਦੇ ਸਾਰੇ ਪੱਧਰਾਂ ਤੇ ਸਾਰੇ ਸਮਯੋਗਤਾ ਵਰਗਾਂ ਵਿੱਚ ਵਿਵਸਥਾ ਕਰਨ ਸਬੰਧੀ ਯੂਨੀਵਰਸਿਟੀ ਸਥਾਪਤ ਕਰਨ ਲਈ ਰਾਜ ਸਰਕਾਰ ਨੂੰ ਇੱਕ ਤਜਵੀਜ਼ ਪੇਸ਼ ਕੀਤੀ ਸੀ;

ਜਦੋਂ ਕਿ ਰਾਜ ਸਰਕਾਰ, ਉਕਤ ਦਰਸਾਏ ਗਏ ਟਰੱਸਟ ਦੀ ਤਜਵੀਜ਼ ਨੂੰ ਧਿਆਨ ਨਾਲ ਵਿਚਾਰਦੇ ਹੋਏ ਇਸ ਨਤੀਜੇ ਤੇ ਪਹੁੰਚੀ ਕਿ ਉਕਤ ਟਰੱਸਟ ਯੂਨੀਵਰਸਿਟੀ ਸਥਾਪਤ ਕਰਨ ਅਤੇ ਉਸ ਨੂੰ ਚਲਾਉਣ ਦੇ ਯੋਗ ਹੈ ਅਤੇ ਇਸ ਅਨੁਸਾਰ ਹੀ ਰਾਜ ਸਰਕਾਰ ਵੱਲੋਂ ਦਰਸਾਈ ਗਈ ਪ੍ਰਾਈਵੇਟ ਯੂਨੀਵਰਸਿਟੀ ਸਥਾਪਤ ਕਰਨ ਲਈ ਉਨ੍ਹਾਂ ਦੀ ਤਜਵੀਜ਼ ਪ੍ਰਵਾਨ ਕਰ ਲਈ ਗਈ ਹੈ;

ਅਤੇ ਜਦੋਂ ਕਿ ਉਕਤ ਹਵਾਲਾ ਕੀਤੇ ਗਏ ਹਾਲਾਤਾਂ ਵਿੱਚ ਉਪਰੋਕਤ ਦਰਸਾਏ ਗਏ ਪ੍ਰਯੋਜਨਾਂ ਲਈ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ, ਪੰਜਾਬ ਦੀ ਜਲਦੀ ਸਥਾਪਨਾ ਕਰਨੀ ਉਚਿਤ ਸਮਝੀ ਜਾਂਦੀ ਹੈ।

ਭਾਰਤ ਗਣਰਾਜ ਦੇ ਬਹੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ। 1. (1) ਇਸ ਐਕਟ ਨੂੰ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ, ਪੰਜਾਬ ਐਕਟ, 2021 ਕਿਹਾ ਜਾ ਸਕੇਗਾ।

(2) ਇਹ ਸਰਕਾਰੀ ਗਜ਼ਟ ਵਿੱਚ ਇਸ ਦੇ ਪ੍ਰਕਾਸ਼ਤ ਹੋਣ ਦੀ ਤਰੀਕ ਨੂੰ ਅਤੇ ਤੋਂ ਨਾਫ਼ਜ਼ ਹੋਵੇਗਾ।

ਪਰਿਭਾਸ਼ਾਵਾਂ 2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) 'ਅਕਾਦਮਿਕ ਕੌਂਸਲ' ਦਾ ਮਤਲਬ ਹੈ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ;

(ਅ) 'ਅਥਾਰਟੀਆਂ' ਦਾ ਮਤਲਬ ਹੈ ਯੂਨੀਵਰਸਿਟੀ ਦੀਆਂ ਅਥਾਰਟੀਆਂ;

(ੲ) 'ਪ੍ਰਬੰਧ-ਬੋਰਡ' ਦਾ ਮਤਲਬ ਹੈ ਯੂਨੀਵਰਸਿਟੀ ਦਾ ਪ੍ਰਬੰਧ ਬੋਰਡ;

(ਸ) 'ਅਧਿਐਨ ਬੋਰਡ' ਦਾ ਮਤਲਬ ਹੈ ਸ਼ਾਸਕ ਬੌਡੀ ਦੁਆਰਾ ਗਠਤ ਕੀਤੀ ਜਾਣ ਵਾਲੀ ਬੌਡੀ;

(ਹ) 'ਕੈਂਪਸ' ਦਾ ਮਤਲਬ ਹੈ ਉਹ ਨਾਲ ਲੱਗਦਾ ਖੇਤਰ ਜਿਸ ਵਿੱਚ ਯੂਨੀਵਰਸਿਟੀ ਸਥਿਤ ਹੈ;

(ਕ) 'ਚਾਂਸਲਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਚਾਂਸਲਰ;

(ਖ) 'ਚੇਅਰਮੈਨ' ਦਾ ਮਤਲਬ ਹੈ ਟਰੱਸਟ ਦਾ ਚੇਅਰਮੈਨ;

(ਗ) 'ਮੁੱਖ ਵਿੱਤ ਅਤੇ ਲੇਖਾ ਅਧਿਕਾਰੀ' ਦਾ ਮਤਲਬ ਹੈ ਯੂਨੀਵਰਸਿਟੀ ਦਾ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ;

(ਘ) 'ਡੀਨ' ਦਾ ਮਤਲਬ ਹੈ ਯੂਨੀਵਰਸਿਟੀ ਦਾ ਡੀਨ;

(ਙ) 'ਵਿੱਤ ਕਮੇਟੀ' ਦਾ ਮਤਲਬ ਹੈ ਯੂਨੀਵਰਸਿਟੀ ਦੀ ਵਿੱਤ ਕਮੇਟੀ;

(ਚ) 'ਸ਼ਾਸਕ ਬੌਡੀ' ਦਾ ਮਤਲਬ ਹੈ ਯੂਨੀਵਰਸਿਟੀ ਦੀ ਸ਼ਾਸਕ ਬੌਡੀ;

(ਛ) 'ਸੰਸਥਾ' ਦਾ ਮਤਲਬ ਹੈ ਕੈਂਪਸ ਅੰਦਰ ਯੂਨੀਵਰਸਿਟੀ ਦੁਆਰਾ ਸਥਾਪਤ, ਚਲਾਈ ਜਾ ਰਹੀ, ਪ੍ਰਬੰਧ ਕੀਤੀ ਗਈ, ਮਾਨਤਾ ਪ੍ਰਾਪਤ ਜਾਂ ਗਠਤ ਕੋਈ ਸੰਸਥਾ ਜਾਂ ਕਾਲਜ ਜਾਂ ਅਕਾਦਮਿਕ ਕੇਂਦਰ ਜੋ ਕਿ ਕਿਸੇ ਵੀ ਨਾਂ ਨਾਲ ਜਾਣਿਆ ਜਾਂਦਾ ਹੋਵੇ;

(ਜ) 'ਮੁਕੱਰਰ' ਦਾ ਮਤਲਬ ਹੈ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੁਆਰਾ ਮੁਕੱਰਰ ਕੀਤਾ ਗਿਆ;

(ਝ) 'ਰਜਿਸਟਰਾਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਰਜਿਸਟਰਾਰ;

(ਞ) ਰਾਜ ਸਰਕਾਰ ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਟ) 'ਪ੍ਰਵਿਧਾਨਾਂ', 'ਆਰਡੀਨੈਂਸਾਂ' ਅਤੇ 'ਵਿਨਿਯਮਾਂ' ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਯੂਨੀਵਰਸਿਟੀ ਦੇ 'ਪ੍ਰਵਿਧਾਨ', 'ਆਰਡੀਨੈਂਸ' ਅਤੇ 'ਵਿਨਿਯਮ';

(ਠ) 'ਅਧਿਆਪਕ', ਵਿੱਚ ਪ੍ਰੋਫ਼ੈਸਰ, ਸਹਿਯੁਕਤ ਪ੍ਰੋਫੈਸਰ, ਸਹਾਇਕ ਪ੍ਰੋਫ਼ੈਸਰ, ਅਤੇ ਅਜਿਹਾ ਕੋਈ ਹੋਰ ਵਿਅਕਤੀ, ਜੋ ਯੂਨੀਵਰਸਿਟੀ ਜਾਂ ਇਸ ਦੀਆਂ ਕਿਸੇ ਸੰਸਥਾਵਾਂ ਜਾਂ ਕੇਂਦਰਾਂ ਵਿੱਚ ਸਿੱਖਿਆ-ਦੀਖਿਆ ਦਿੰਦਾ ਹੈ, ਸ਼ਾਮਲ ਹਨ;

(ਡ) 'ਟਰੱਸਟ' ਦਾ ਮਤਲਬ ਹੈ ਸੋਸਾਇਟੀਜ਼ ਰਜਿਸਟ੍ਰੀਕਰਨ ਐਕਟ, 1860 ਦਾ XXI ਦੇ ਉਪਬੰਧਾਂ ਅਧੀਨ ਰਜਿਸਟਰਸ਼ੁਦਾ ਰਿਆਤ ਵਿਦਿਅਕ ਅਤੇ ਖੋਜ ਟਰੱਸਟ;

(ਢ) 'ਯੂਨੀਵਰਸਿਟੀ' ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਸਥਾਪਤ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ, ਪੰਜਾਬ;

(ਣ) 'ਵਾਈਸ-ਚਾਂਸਲਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਵਾਈਸ-ਚਾਂਸਲਰ; ਅਤੇ

(ਤ) 'ਵਿਜ਼ੀਟਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਵਿਜ਼ੀਟਰ।

3. (1) ਪੰਜਾਬ ਰਾਜ ਵਿੱਚ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ, ਪੰਜਾਬ ਦੇ ਨਾਂ ਨਾਲ ਇੱਕ ਪ੍ਰਾਈਵੇਟ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ। ਯੂਨੀਵਰਸਿਟੀ ਦੀ ਸਥਾਪਨਾ।

(2) ਯੂਨੀਵਰਸਿਟੀ ਨੂੰ ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਟਰੱਸਟ ਦੁਆਰਾ ਚਲਾਇਆ ਅਤੇ ਪ੍ਰਬੰਧਤ ਕੀਤਾ ਜਾਵੇਗਾ।

(3) ਯੂਨੀਵਰਸਿਟੀ ਉਪ-ਧਾਰਾ (1) ਵਿੱਚ ਜ਼ਿਕਰ ਕੀਤੇ ਨਾਂ ਦੁਆਰਾ ਇੱਕ ਨਿਗਮਤ ਬੌਡੀ ਹੋਵੇਗੀ ਅਤੇ ਇਸ ਦਾ ਸਦੀਵੀ ਉਤਰਾਧਿਕਾਰ ਅਤੇ ਇੱਕ ਸਾਂਝੀ ਮੁਹਰ ਹੋਵੇਗੀ। ਇਸ ਕੋਲ ਚੁੱਕਵੀਂ ਅਤੇ ਅਚੁੱਕਵੀਂ ਦੋਵੇਂ ਤਰ੍ਹਾਂ ਦੀਆਂ ਸੰਪੱਤੀਆਂ ਨੂੰ ਅਰਜਤ ਕਰਨ, ਪਟੇ ਤੇ ਦੇਣ, ਧਾਰਨ ਕਰਨ, ਰਹਿਨ ਕਰਨ ਅਤੇ ਉਸ ਦਾ ਨਿਬੇੜਾ ਕਰਨ ਅਤੇ ਮੁਆਇਦੇ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(4) ਯੂਨੀਵਰਸਿਟੀ ਦਾ ਮੁੱਖ ਦਫ਼ਤਰ ਰੇਲਮਾਜਰਾ, ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਪੰਜਾਬ-144533 ਵਿਖੇ ਸਥਿਤ ਹੋਵੇਗਾ।

(5) ਇਹ ਯੂਨੀਵਰਸਿਟੀ ਸਵੈ-ਵਿੱਤੀ ਪੋਸ਼ਣ ਹੋਵੇਗੀ ਅਤੇ ਇਹ ਰਾਜ ਸਰਕਾਰ ਪਾਸੋਂ ਕੋਈ ਗ੍ਰਾਂਟ ਜਾਂ ਹੋਰ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਹੱਕਦਾਰ ਨਹੀਂ ਹੋਵੇਗੀ।

ਯੂਨੀਵਰਸਿਟੀ ਦੇ ਉਦੇਸ਼।

4. ਯੂਨੀਵਰਸਿਟੀ ਦੇ ਹੇਠ-ਲਿਖੇ ਉਦੇਸ਼ ਹੋਣਗੇ,-

(i) ਉਦਯੋਗ ਅਤੇ ਸਮਾਜ ਦੀਆਂ ਆਮ ਜ਼ਰੂਰਤਾਂ ਅਨੁਸਾਰ ਉਦਯੋਗ ਅਤੇ ਬਦੇਸ਼ੀ ਯੂਨੀਵਰਸਿਟੀਆਂ ਦੇ ਸਹਿਯੋਗ ਨਾਲ, ਜਿਵੇਂ ਯੂਨੀਵਰਸਿਟੀ ਦੁਆਰਾ ਜ਼ਰੂਰੀ ਸਮਝਿਆ ਜਾਵੇ, ਰਾਜ ਜਾਂ ਕੇਂਦਰੀ ਕਾਨੂੰਨਾਂ ਅਧੀਨ ਇਜਾਜ਼ਤਯੋਗ ਅਤੇ ਸਬੰਧਤ ਨਿਯੰਤਰਕ ਅਥਾਰਟੀਆਂ ਦੀ ਪ੍ਰਵਾਨਗੀ ਨਾਲ ਉੱਚ ਸਿੱਖਿਆ ਦੇ ਸਾਰੇ ਪੱਧਰਾਂ 'ਤੇ ਸਿੱਖਿਆ-ਦੀਖਿਆ, ਅਧਿਆਪਨ, ਸਿੱਖਿਆ, ਖੋਜ ਅਤੇ ਸਿਖਲਾਈ ਸਮੇਤ ਇੰਜੀਨੀਅਰਿੰਗ, ਪ੍ਰਬੰਧਨ, ਮੈਡੀਕਲ ਤਕਨਾਲੋਜੀ ਹੁਨਰ, ਪ੍ਰਾਹੁਣਾਚਾਰੀ, ਸੈਰ-ਸਪਾਟਾ, ਵਿੱਤ, ਲੇਖਾਕਾਰ, ਸਿਹਤ ਸੰਭਾਲ, ਤੰਦਰੁਸਤੀ, ਖੇਤੀਬਾੜੀ ਤਕਨਾਲੋਜੀ ਅਤੇ ਪ੍ਰਬੰਧਨ, ਉਦਮਤਾ, ਕਿੱਤਾਮੁੱਖੀ ਸਿੱਖਿਆ ਅਤੇ ਹੋਰ ਹੁਨਰ ਆਧਾਰਤ ਪ੍ਰੋਗਰਾਮ ਲਈ ਉਪਬੰਧ ਕਰਨਾ;

(ii) ਪੇਂਡੂ ਵਿਦਿਆਰਥੀਆਂ ਦੀਆਂ ਅਕਾਦਮਿਕ ਇੱਛਾਵਾਂ ਨੂੰ ਉਤਸ਼ਾਹਤ ਕਰਨਾ;

(iii) ਉਦਯੋਗ-ਅਧਾਰਤ ਅਧਿਆਪਨ, ਸਿਖਲਾਈ ਅਤੇ ਖੋਜ ਵਿਸਥਾਰ ਪ੍ਰੋਗਰਾਮਾਂ ਦਾ ਜਿੰਮਾ ਲੈਣਾ ਅਤੇ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਦੀ ਦ੍ਰਿਸ਼ਟੀ ਨਾਲ ਰੋਜ਼ਗਾਰ ਯੋਗ ਹੁਨਰ ਪ੍ਰਦਾਨ ਕਰਨਾ;

(iv) ਗਿਆਨ, ਬੁੱਧੀ ਅਤੇ ਸਮਝ ਦੀ ਖੋਜ, ਸਿਰਜਣਾ, ਉੱਨਤੀ ਅਤੇ ਪ੍ਰਸਾਰ ਲਈ ਉਪਬੰਧ ਕਰਨਾ;

(v) ਕੈਂਪਸ ਵਿੱਚ ਮੋਹਰੀ ਉਦਯੋਗਿਕ ਘਰਾਣਿਆਂ ਨੂੰ ਅਕਾਦਮਿਕ ਉਦਯੋਗ ਗਠਜੋੜ ਲਈ ਉਨ੍ਹਾਂ ਦੇ ਆਪਣੇ-ਆਪਣੇ ਨਿਗਮਤ ਸੰਸਥਾਨ ਸਥਾਪਤ ਕਰਨ ਲਈ ਉਤਸ਼ਾਹਿਤ ਅਤੇ ਪ੍ਰੇਰਿਤ ਕਰਨਾ;

(vi) ਗਿਆਨ ਦਾ ਪ੍ਰਸਾਰ ਇਸ ਤਰ੍ਹਾਂ ਕਰਨਾ ਕਿ ਇਹ ਸਮਾਜ ਦੇ ਸਾਰੇ ਵਰਗਾਂ ਤੱਕ ਪਹੁੰਚਯੋਗ ਹੋਵੇ;

(vii) ਪੰਜਾਬੀ ਅਧਿਐਨ ਨੂੰ ਉਤਸ਼ਾਹਿਤ ਕਰਨਾ, ਪੰਜਾਬੀ ਭਾਸ਼ਾ ਅਤੇ ਸਾਹਿਤ ਵਿੱਚ ਖੋਜ ਲਈ ਉਪਬੰਧ ਕਰਨਾ ਅਤੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਉਪਾਅ ਕਰਨਾ;

(viii) ਰਾਜ ਸਰਕਾਰ ਦੀ ਪ੍ਰਵਾਨਗੀ ਨਾਲ, ਪ੍ਰਚਲਿਤ ਵਿਨਿਯਮਾਂ ਦੀ ਅਨੁਸਾਰਤਾ ਵਿੱਚ ਆਪਣੀ ਅਧਿਕਾਰਤਾ ਅੰਦਰ ਅਧਿਐਨ ਕੇਂਦਰ, ਕੈਂਪਸ, ਕੇਂਦਰ ਖੋਲ੍ਹਣੇ;

(ix) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰੀ ਸਰਕਾਰ ਦੁਆਰਾ ਇਸ ਤਰਾਂ ਸਿਰਜਤ ਕੀਤੀ ਗਈ ਇਸ ਦੇ ਬਰਾਬਰ ਦੀ ਬੌਡੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਅਤੇ ਰਾਜ ਸਰਕਾਰ ਦੀ ਪ੍ਰਵਾਨਗੀ ਨਾਲ, ਕੈਂਪਸ ਤੋਂ ਬਾਹਰ ਦੇ ਕੇਂਦਰ, ਵਿਦੇਸ਼ੀ ਕੈਂਪਸ, ਅਧਿਐਨ ਕੇਂਦਰ ਅਤੇ ਜੋਨਲ ਜਾਂ ਖੇਤਰੀ ਕੇਂਦਰ ਸਥਾਪਤ ਕਰਨੇ; ਅਤੇ

(x) ਅਜਿਹੀਆਂ ਸਾਰੀਆਂ ਗੱਲਾਂ ਕਰਨਾ ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਜਾਂ ਵਾਂਛਣੀ ਹੋਣ।

ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਾਜਕਾਰ।

5. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਸ਼ਕਤੀਆਂ ਅਤੇ ਕਾਜਕਾਰ ਹੋਣਗੇ ਜੋ ਉਸ ਦੁਆਰਾ ਜਾਂ ਉਸ ਦੇ ਅਧਿਕਾਰੀਆਂ ਅਤੇ ਅਥਾਰਟੀਆਂ ਦੁਆਰਾ ਵਰਤੋਂ ਕੀਤੀਆਂ ਜਾਣਗੀਆਂ ਅਤੇ ਨਿਭਾਏ ਜਾਣਗੇ, ਅਰਥਾਤ:-

(i) ਸਿੱਖਿਆ ਪ੍ਰਦਾਨ ਕਰਨਾ ਅਤੇ ਸਿੱਖਿਆ ਦੀਆਂ ਭਿੰਨ-ਭਿੰਨ ਸ਼ਾਖਾਵਾਂ ਵਿੱਚ ਸਿੱਖਿਆ-ਦੀਖਿਆ ਪ੍ਰਦਾਨ ਕਰਨਾ ਅਤੇ ਅਜਿਹੀਆਂ ਸ਼ਰਤਾਂ ਦੇ ਤਾਬੇ, ਜੋ ਯੂਨੀਵਰਸਿਟੀ ਨਿਰਧਾਰਤ ਕਰੇ, ਪ੍ਰੀਖਿਆਵਾਂ, ਮੁਲਾਂਕਣ ਜਾਂ ਵਿਅਕਤੀਆਂ ਤੇ ਟੈਸਟਿੰਗ ਦੇ ਕਿਸੇ ਹੋਰ ਢੰਗ ਦੇ ਆਧਾਰ ਤੇ ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਜਾਂ ਹੋਰ ਅਕਾਦਮਿਕ ਉਪਾਧੀਆਂ ਪ੍ਰਦਾਨ ਕਰਨਾ ਜਾਂ ਦੇਣਾ ਅਤੇ ਚੰਗੇ ਅਤੇ ਕਾਫ਼ੀ ਕਾਰਨ ਕਰਕੇ ਅਜਿਹੀ ਕਿਸੇ ਡਿਗਰੀ, ਡਿਪਲੋਮਾ, ਸਰਟੀਫਿਕੇਟ ਜਾਂ ਹੋਰ ਅਕਾਦਮਿਕ ਉਪਾਧੀ ਨੂੰ ਵਾਪਸ ਲੈਣਾ;

(ii) ਅਧਿਐਨ, ਅਧਿਆਪਨ, ਸਿਖਲਾਈ, ਖੋਜ, ਮਸ਼ਵਰੇ ਦੇ ਕੋਰਸ ਸੁਰੂ ਕਰਨ ਅਤੇ ਰਵਾਇਤੀ ਅਤੇ ਨਵੇਂ ਨਵੀਨਕਾਰੀ ਵਿਧੀਆਂ ਸਮੇਤ ਆਨਲਾਈਨ ਸਿੱਖਿਆ ਵਿਧੀਆਂ ਰਾਹੀਂ ਕੋਰਸਾਂ ਸਬੰਧੀ ਮਾਨਤਾ ਅਤੇ ਸੰਬੱਧਤਾ ਪ੍ਰਦਾਨ ਕਰਨ ਦੇ ਬਾਰੇ ਵਿੱਚ ਉਪਬੰਧ ਕਰਨੇ ਅਤੇ ਸਾਰੇ ਉਪਾਅ ਕਰਨੇ ਜਿਸ ਵਿੱਚ ਪਾਠਕ੍ਰਮ ਨੂੰ ਅਪਣਾਉਣਾ ਅਤੇ ਅਪਡੇਟ ਕਰਨਾ ਸ਼ਾਮਲ ਹੈ;

(iii) ਵਾਧੂ ਕੰਧ ਚਿੱਤਰਕਾਰੀ ਅਧਿਐਨ ਅਤੇ ਵਿਸਤਾਰ ਸੇਵਾਵਾਂ ਸੰਗਠਤ ਕਰਨਾ ਅਤੇ ਉਨ੍ਹਾਂ ਦਾ ਜ਼ਿੰਮਾ ਲੈਣਾ;

(iv) ਪੋਸਟ ਡਾਕਟਰੇਟ, ਡਾਕਟਰੇਟ, ਮਾਸਟਰਜ਼, ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟ ਪ੍ਰਦਾਨ ਕਰਨ ਜਾਂ ਦੇਣ ਲਈ ਪ੍ਰੀਖਿਆਵਾਂ ਕਰਵਾਉਣੀਆਂ;

(v) ਪਰਸਪਰ ਆਧਾਰ ਤੇ ਦੂਸਰੀਆਂ ਯੂਨੀਵਰਸਿਟੀਆਂ ਦੀ ਤੁਲਨਾ ਵਿੱਚ ਦੋਹਰੀ ਡਿਗਰੀ, ਡਿਪਲੋਮਾ ਜਾਂ ਸਰਟੀਫਿਕੇਟ ਪ੍ਰਦਾਨ ਕਰਨਾ;

(vi) ਮਾਣ-ਅਰਥ ਡਿਗਰੀਆਂ ਅਤੇ ਹੋਰ ਉਪਾਧੀਆਂ ਸੰਸਥਿਤ ਕਰਨਾ ਅਤੇ ਪ੍ਰਦਾਨ ਕਰਨਾ, ਜਿਵੇਂ ਮੁਕੱਰਰ ਕੀਤਾ ਜਾਵੇ;

(vii) ਈ-ਲਰਨਿੰਗ ਅਤੇ ਆਨਲਾਈਨ ਸਿੱਖਿਆ ਪ੍ਰੋਗਰਾਮਾਂ ਦਾ ਸੰਚਾਲਣ ਕਰਨਾ ਜਿਵੇਂ ਯੂਨੀਵਰਸਿਟੀ ਦੁਆਰਾ ਨਿਰਧਾਰਤ ਕੀਤਾ ਜਾਵੇ;

(viii) ਕਿਸੇ ਹੋਰ ਮਾਨਤਾ ਪ੍ਰਾਪਤ ਯੂਨੀਵਰਸਿਟੀ, ਬੋਰਡ ਜਾਂ ਕੌਂਸਲ ਜਾਂ ਕਿਸੇ ਹੋਰ ਸ਼ਕਤਵਾਨ ਅਥਾਰਟੀ ਤੋਂ ਅੰਸ਼ਕ ਤੌਰ ਤੇ ਜਾਂ ਪੂਰੀ ਤਰ੍ਹਾਂ ਆਪਣੇ ਕੋਰਸ ਪੂਰੇ ਕਰਨ ਵਾਲੇ ਵਿਦਿਆਰਥੀਆਂ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਨੂੰ ਬਰਾਬਰਤਾ ਦੇਣ ਦਾ ਪ੍ਰਬੰਧ ਕਰਨਾ;

(ix) ਯੂਨੀਵਰਸਿਟੀ ਦੁਆਰਾ ਆਪਣੇ ਕੈਂਪਸਾਂ ਜਾਂ ਆਪਣੀਆਂ ਸੰਸਥਾਵਾਂ ਵਿੱਚ ਲੋੜੀਂਦੇ ਪ੍ਰੋਫ਼ੈਸਰ, ਸਹਿਯੁਕਤ ਪ੍ਰੋਫ਼ੈਸਰ, ਰੀਡਰ, ਸਹਾਇਕ ਪ੍ਰੋਫ਼ੈਸਰ, ਲੈਕਚਰਾਰ ਜਾਂ ਕੋਈ ਹੋਰ ਬਰਾਬਰ ਦਾ ਅਹੁਦਾ ਸੰਸਥਤ ਕਰਨਾ ਅਤੇ ਪ੍ਰਦਾਨ ਕਰਨਾ ਅਤੇ ਵਿਅਕਤੀਆਂ ਨੂੰ ਅਜਿਹੀ ਹੈਸੀਅਤ ਵਿੱਚ ਨਿਯੁਕਤ ਕਰਨਾ;

(x) ਅਕਾਦਮਿਕ, ਪ੍ਰਸ਼ਾਸਕੀ, ਮਨਿਸਟੀਰੀਅਲ, ਤਕਨੀਕੀ ਅਤੇ ਹੋਰ ਅਸਾਮੀਆਂ ਸਿਰਜਣਾ ਅਤੇ ਉਨ੍ਹਾਂ ਤੇ ਨਿਯੁਕਤੀਆਂ ਕਰਨਾ;

(xi) ਕਿਸੇ ਹੋਰ ਯੂਨੀਵਰਸਿਟੀ ਜਾਂ ਸੰਸਥਾਵਾਂ ਜਾਂ ਸੰਗਠਨਾਂ ਵਿੱਚ ਕੰਮ ਕਰ ਰਹੇ ਵਿਸ਼ੇਸ਼ ਗਿਆਨ ਰੱਖਣ ਵਾਲੇ ਵਿਅਕਤੀਆਂ ਨੂੰ ਸਥਾਈ ਜਾਂ ਉਲਿਖਤ ਮੁੱਦਤ ਲਈ ਨਿਯੁਕਤ ਕਰਨਾ;

(xii) ਕਿਸੇ ਹੋਰ ਯੂਨੀਵਰਸਿਟੀ ਜਾਂ ਅਥਾਰਟੀ ਜਾਂ ਸੰਸਥਾ ਨਾਲ ਅਜਿਹੇ ਤਰੀਕੇ ਨਾਲ ਅਤੇ ਅਜਿਹੇ ਪ੍ਰਯੋਜਨ ਲਈ ਸਹਿਯੋਗ ਕਰਨਾ, ਮਿਲਵਰਤਨ ਕਰਨਾ ਜਾਂ ਸਹਿਯੁਕਤ ਹੋਣਾ ਜਿਵੇਂ ਯੂਨੀਵਰਸਿਟੀ ਨਿਰਧਾਰਤ ਕਰੇ;

(xiii) ਯੂਨੀਵਰਸਿਟੀ ਦੁਆਰਾ ਆਪਣੇ ਕੈਂਪਸ ਦੇ ਅੰਦਰ ਆਪਣੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਅਧਿਐਨ ਕੇਂਦਰਾਂ, ਪ੍ਰੀਖਿਆ ਕੇਂਦਰਾਂ, ਸੂਚਨਾ ਕੇਂਦਰਾਂ, ਸਕੂਲਾਂ, ਸੰਸਥਾਵਾਂ, ਵਿਸ਼ੇਸ਼ ਪ੍ਰਯੋਗਸ਼ਾਲਾਵਾਂ ਜਾਂ ਖੋਜ ਅਤੇ ਸਿੱਖਿਆ-ਦੀਖਿਆ ਲਈ ਹੋਰ ਇਕਾਈਆਂ ਦੀ ਸਥਾਪਨਾ ਅਤੇ ਰੱਖ-ਰਖਾਅ ਕਰਨਾ ਜਿਵੇਂ ਨਿਰਧਾਰਤ ਕੀਤਾ ਜਾਵੇ;

(xiv) ਖੋਜ ਅਤੇ ਮਸ਼ਵਰਾ ਕਰਨਾ ਅਤੇ ਉਸ ਪ੍ਰਯੋਜਨ ਲਈ ਹੋਰ ਸੰਸਥਾਵਾਂ ਜਾਂ ਬੌਡੀਆਂ ਨਾਲ ਅਜਿਹੇ ਪ੍ਰਬੰਧ ਕਰਨੇ ਜੋ ਯੂਨੀਵਰਸਿਟੀ ਜ਼ਰੂਰੀ ਸਮਝੇ;

(xv) ਯੂਨੀਵਰਸਿਟੀ ਵਿੱਚ ਦਾਖ਼ਲੇ ਲਈ ਮਿਆਰ ਨਿਰਧਾਰਤ ਕਰਨਾ, ਜਿਸ ਵਿੱਚ ਪ੍ਰੀਖਿਆ, ਮੁਲਾਂਕਣ ਜਾਂ ਟੈਸਟਿੰਗ ਦਾ ਕੋਈ ਹੋਰ ਤਰੀਕਾ ਸ਼ਾਮਲ ਹੋ ਸਕਦਾ ਹੈ;

(xvi) ਪੰਜਾਬ ਪ੍ਰਾਈਵੇਟ ਯੂਨੀਵਰਸਿਟੀਆਂ ਨੀਤੀ, 2010 ਦੇ ਖੰਡ 8 ਦੀ ਦ੍ਰਿਸ਼ਟੀ ਅਧੀਨ ਵਿਦਿਆਰਥੀਆਂ ਦੀਆਂ ਭਿੰਨ-ਭਿੰਨ ਸ਼੍ਰੇਣੀਆਂ ਲਈ ਫ਼ੀਸ ਢਾਂਚਾ ਮੁਕੱਰਰ ਕਰਨਾ;

(xvii) ਫ਼ੀਸਾਂ ਅਤੇ ਹੋਰ ਖ਼ਰਚਿਆਂ ਦੀ ਮੰਗ ਕਰਨਾ ਅਤੇ ਇਕੱਠਾ ਕਰਨਾ ਜਿਵੇਂ ਮੁਕੱਰਰ ਕੀਤਾ ਜਾਵੇ;

(xviii) ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਨਿਵਾਸ ਸਥਾਨਾਂ ਦੀ ਨਿਗਰਾਨੀ ਕਰਨਾ ਅਤੇ ਉਨ੍ਹਾਂ ਦੀ ਸਿਹਤ ਅਤੇ ਆਮ ਭਲਾਈ ਨੂੰ ਬੜ੍ਹਾਵਾ ਦੇਣ ਲਈ ਪ੍ਰਬੰਧ ਕਰਨਾ;

(xix) ਮਹਿਲਾ ਵਿਦਿਆਰਥੀਆਂ ਦੇ ਬਾਰੇ ਵਿੱਚ ਵਿਸ਼ੇਸ਼ ਪ੍ਰਬੰਧ ਕਰਨੇ, ਜਿਵੇਂ ਯੂਨੀਵਰਸਿਟੀ ਜ਼ਰੂਰੀ ਅਤੇ ਵਾਂਛਨੀ ਸਮਝੇ;

(xx) ਯੂਨੀਵਰਸਿਟੀ ਦੇ ਕਰਮਚਾਰੀਆਂ ਅਤੇ ਵਿਦਿਆਰਥੀਆਂ ਵਿਚਕਾਰ ਅਨੁਸ਼ਾਸਨ ਨੂੰ ਨਿਯਮਤ ਅਤੇ ਲਾਗੂ ਕਰਨਾ ਅਤੇ ਇਸ ਬਾਬਤ ਅਜਿਹੇ ਅਨੁਸ਼ਾਸਨੀ ਉਪਾਅ ਕਰਨਾ, ਜੋ ਯੂਨੀਵਰਸਿਟੀ ਦੁਆਰਾ ਜ਼ਰੂਰੀ ਸਮਝੇ ਜਾਣ;

(xxi) ਯੂਨੀਵਰਸਿਟੀ ਦੇ ਕਰਮਚਾਰੀਆਂ ਦੀ ਸਿਹਤ ਅਤੇ ਆਮ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਪ੍ਰਬੰਧ ਕਰਨਾ;

(xxii) ਦਾਨ ਪ੍ਰਾਪਤ ਕਰਨਾ ਅਤੇ ਕਿਸੇ ਚੁੱਕਵੀਂ ਜਾਂ ਅਚੁੱਕਵੀਂ ਸੰਪੱਤੀ ਨੂੰ ਅਰਜਤ ਕਰਨਾ, ਧਾਰਨ ਕਰਨਾ, ਪ੍ਰਬੰਧ ਕਰਨਾ ਅਤੇ ਨਿਬੇੜਾ ਕਰਨਾ;

(xxiii) ਟਰੱਸਟ ਦੀ ਪ੍ਰਵਾਨਗੀ ਨਾਲ ਯੂਨੀਵਰਸਿਟੀ ਦੇ ਪ੍ਰਯੋਜਨਾਂ ਲਈ ਧਨ ਉਧਾਰ ਲੈਣਾ;

(xxiv) ਟਰੱਸਟ ਦੀ ਪ੍ਰਵਾਨਗੀ ਨਾਲ ਯੂਨੀਵਰਸਿਟੀ ਦੀ ਸੰਪੱਤੀ ਰਹਿਣ ਕਰਨੀ ਜਾਂ ਗਹਿਣੇ ਰੱਖਣਾ;

(xxv) ਟਰੱਸਟ ਦੇ ਫ਼ੰਡਾਂ ਅਤੇ ਯੂਨੀਵਰਸਿਟੀ ਦੇ ਹੱਕ ਵਿੱਚ ਸਿਰਜੇ ਗਏ ਦਾਨ ਨੂੰ ਧਾਰਨ ਕਰਨਾ, ਪ੍ਰਬੰਧ ਕਰਨਾ ਅਤੇ ਚਲਾਉਣਾ;

(xxvi) ਯੂਨੀਵਰਸਿਟੀ ਲਈ ਕਰਜ਼ੇ ਅਤੇ ਪੇਸ਼ਗੀਆਂ ਪ੍ਰਾਪਤ ਕਰਨਾ ਅਤੇ ਲੈਣਾ;

(xxvii) ਕਿਸੇ ਚੁੱਕਵੀਂ ਜਾਂ ਅਚੁੱਕਵੀਂ ਸੰਪੱਤੀ ਨੂੰ ਖਰੀਦਣਾ, ਅਰਜਤ ਕਰਨਾ ਅਤੇ ਪੱਟੇ ਤੇ ਲੈਣਾ ਜਾਂ ਰਹਿਣ ਕਰਨਾ ਅਤੇ ਯੂਨੀਵਰਸਿਟੀ ਨਾਲ ਸਬੰਧਤ ਜਾਂ ਉਸ ਵਿੱਚ ਨਿਹਿਤ ਕਿਸੇ ਚੁੱਕਵੀਂ ਜਾਂ ਅਚੁੱਕਵੀਂ ਸੰਪੱਤੀ ਨੂੰ ਵੇਚਣਾ, ਪਟੇ ਤੇ ਦੇਣਾ, ਰਹਿਣ ਕਰਨਾ, ਹੱਥ ਬਦਲੀ ਕਰਨਾ ਅਤੇ ਮੁੰਤਕਿਲ ਕਰਨਾ;

(xxviii) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਹੋਰ ਕੇਂਦਰੀ ਜਾਂ ਰਾਜ ਏਜੰਸੀਆਂ ਤੋਂ ਗ੍ਰਾਂਟ ਪ੍ਰਾਪਤ ਕਰਨੀ;

(xxix) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿਖਤ ਮਾਪਦੰਡਾਂ ਦੀ ਅਨੁਸਾਰਤਾ ਵਿੱਚ ਯੂਨੀਵਰਸਿਟੀ ਦੇ ਅਧਿਆਪਕਾਂ ਅਤੇ ਕਰਮਚਾਰੀਆਂ ਨੂੰ ਤਨਖਾਹਾਂ, ਮਿਹਨਤਾਨੇ ਅਤੇ ਮਾਣਭੱਤਾ ਨਿਯਤ ਕਰਨਾ, ਨਿਰਧਾਰਤ ਕਰਨਾ ਅਤੇ ਪ੍ਰਦਾਨ ਕਰਨਾ;

(xxx) ਸਵੈ-ਪ੍ਰਮਾਣੀਕਰਨ ਕਰਨਾ, ਜਿਸ ਨੂੰ ਰਾਜ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਸਥਾਪਤ ਕਿਸੇ ਹੋਰ ਬੌਡੀ ਤੋਂ ਕਿਸੇ ਵੀ ਇਜਾਜ਼ਤ, ਪ੍ਰਵਾਨਗੀ, ਲਸੰਸ, ਸਰਟੀਫਿਕੇਟ, ਇਤਰਾਜ਼ਹੀਣਤਾ ਸਰਟੀਫਿਕੇਟ ਜਾਂ ਅਧਿਕਾਰਤਾ ਪ੍ਰਾਪਤ ਕਰਨ ਤੋਂ ਛੋਟ ਹੋਵੇਗੀ;

(xxxi) ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਸਿਰੇ ਚਾੜ੍ਹਨ ਲਈ, ਪ੍ਰਵਿਧਾਨ, ਆਰਡੀਨੈਂਸ ਅਤੇ ਵਿਨਿਯਮ ਬਣਾਉਣੇ; ਅਤੇ

(xxxii) ਅਜਿਹੇ ਹੋਰ ਕਾਰਜ ਕਰਨੇ ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਜਾਂ ਵਾਂਛਨੀ ਹੋਣ।

6. (1) ਯੂਨੀਵਰਸਿਟੀ ਕੇਵਲ ਪੰਜਾਬ ਰਾਜ ਵਿੱਚ ਆਪਣੇ ਕੈਂਪਸਾਂ ਦੇ ਅੰਦਰ ਹੀ ਆਪਣੀ ਅਧਿਕਾਰਤਾ ਦੀ ਵਰਤੋਂ ਕਰੇਗੀ। ਯੂਨੀਵਰਸਿਟੀ ਦੀ ਅਧਿਕਾਰਤਾ।

(2) ਯੂਨੀਵਰਸਿਟੀ, ਟਰੱਸਟ ਵੱਲੋਂ ਕੈਂਪਸ ਦੇ ਅੰਦਰ ਸਥਾਪਤ, ਚਲਾਈਆਂ ਜਾਂ ਪ੍ਰਬੰਧ ਕੀਤੀਆਂ ਜਾਂਦੀਆਂ ਉਨ੍ਹਾਂ ਸਿੱਖਿਅਕ ਜਾਂ ਪੇਸ਼ੇਵਰ ਸੰਸਥਾਵਾਂ ਨੂੰ ਆਪਣੇ ਨਾਲ ਸੰਬੱਧ ਕਰੇਗੀ, ਜਿਨ੍ਹਾਂ ਦੇ ਬਾਬਤ ਟਰੱਸਟ ਵੱਲੋਂ ਖ਼ਾਸ ਫ਼ੈਸਲਾ ਲਿਆ ਗਿਆ ਹੋਵੇ ।

7. (1) ਯੂਨੀਵਰਸਿਟੀ ਦੇ ਹੇਠ-ਲਿਖੇ ਅਧਿਕਾਰੀ ਹੋਣਗੇ, ਅਰਥਾਤ:- ਯੂਨੀਵਰਸਿਟੀ ਦੇ ਅਧਿਕਾਰੀ।

(i) ਵਿਜ਼ਿਟਰ;

(ii) ਚਾਂਸਲਰ;

(iii) ਵਾਈਸ-ਚਾਂਸਲਰ;

(iv) ਰਜਿਸਟਰਾਰ;

(v) ਫੈਕਲਟੀਆਂ ਦੇ ਡੀਨ;

(vi) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ; ਅਤੇ

(vii) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀ, ਜੋ ਕਿ ਪ੍ਰਵਿਧਾਨਾਂ ਦੁਆਰਾ ਯੂਨੀਵਰਸਿਟੀ ਦੇ ਅਧਿਕਾਰੀ ਐਲਾਨੇ ਜਾਣ।

8. (1) ਪੰਜਾਬ ਦਾ ਰਾਜਪਾਲ ਯੂਨੀਵਰਸਿਟੀ ਦਾ ਵਿਜ਼ਿਟਰ ਹੋਵੇਗਾ। ਵਿਜ਼ਿਟਰ।

(2) ਵਿਜ਼ਿਟਰ ਡਿਗਰੀਆਂ ਅਤੇ ਡਿਪਲੋਮੇ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦੀ ਕੌਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(3) ਵਿਜ਼ਿਟਰ ਨੂੰ ਯੂਨੀਵਰਸਿਟੀ ਦੇ ਮਾਮਲਿਆਂ ਸਬੰਧੀ ਕੋਈ ਵੀ ਸੂਚਨਾ ਮੰਗਵਾਉਣ ਦਾ ਅਧਿਕਾਰ ਹੋਵੇਗਾ।

(4) ਵਿਜ਼ਿਟਰ ਅਜਿਹੇ ਵਿਅਕਤੀ ਦੁਆਰਾ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਵਾ ਸਕੇਗਾ, ਜਿਵੇਂ ਉਹ ਯੂਨੀਵਰਸਿਟੀ ਦੇ ਪ੍ਰਬੰਧਕੀ, ਅਕਾਦਮਿਕ ਜਾਂ ਕਾਰਜਕਾਰੀ ਮਾਮਲਿਆਂ ਦੇ ਬਾਰੇ ਵਿੱਚ ਨਿਰਦੇਸ਼ ਦੇ ਸਕਦਾ ਹੋਵੇ।

(5) ਵਿਜ਼ਿਟਰ, ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਕੀਤੀ ਜਾਣ ਵਾਲੀ ਅਜਿਹੀ ਕੋਈ ਹੋਰ ਗੱਲ ਕਰਵਾਉਣ ਦੇ ਆਪਣੇ ਇਰਾਦੇ ਸਬੰਧੀ ਹਰੇਕ ਮਾਮਲੇ ਵਿੱਚ ਯੂਨੀਵਰਸਿਟੀ ਨੂੰ ਨੋਟਿਸ ਦੇਵੇਗਾ ਅਤੇ ਜਿਹੀ ਕਿ ਸੂਰਤ ਹੋਵੇ, ਯੂਨੀਵਰਸਿਟੀ ਆਪਣਾ ਇੱਕ ਪ੍ਰਤੀਨਿਧ ਨਿਯੁਕਤ ਕਰੇਗੀ ਜੋ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਨ ਦੇ ਸਮੇਂ ਹਾਜ਼ਰ ਰਹੇਗਾ।

(6) ਵਿਜ਼ਿਟਰ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਦੇ ਨਤੀਜਿਆਂ ਬਾਰੇ ਵਾਈਸ-ਚਾਂਸਲਰ ਨੂੰ ਸੂਚਿਤ ਕਰ ਸਕੇਗਾ

ਅਤੇ ਵਾਈਸ-ਚਾਂਸਲਰ ਵਿਜ਼ਿਟਰ ਦੇ ਵਿਚਾਰ ਅਜਿਹੀ ਸਲਾਹ ਨਾਲ ਜੋ ਵਿਜ਼ਿਟਰ ਵੱਲੋਂ ਦਿੱਤੀ ਗਈ ਹੋਵੇ ਅਤੇ ਅਜਿਹੀ ਸਲਾਹ ਤੇ ਕੀਤੀ ਗਈ ਕਾਰਵਾਈ ਸਬੰਧੀ ਸ਼ਾਸਕ ਬੌਡੀ ਨੂੰ ਸੰਸੂਚਿਤ ਕਰੇਗਾ।

(7) ਵਾਈਸ-ਚਾਂਸਲਰ ਵਿਜ਼ਿਟਰ ਨੂੰ ਉਸ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਹੀ ਕਿਸੇ ਹੋਰ ਗੱਲ, ਜਿਹੀ ਕਿ ਸੂਰਤ ਹੋਵੇ, ਦੇ ਬਾਰੇ ਵਿੱਚ ਯੂਨੀਵਰਸਿਟੀ ਦੁਆਰਾ ਕੀਤੀ ਗਈ ਕਾਰਵਾਈ ਜਾਂ ਤਜਵੀਜ਼ ਕੀਤੀ ਗਈ ਕਾਰਵਾਈ ਬਾਰੇ ਸੰਸੂਚਿਤ ਕਰੇਗਾ।

(8) ਜੇ ਰਾਜ ਸਰਕਾਰ ਲੋਕ ਹਿੱਤ ਵਿੱਚ ਯੂਨੀਵਰਸਿਟੀ ਜਾਂ ਉਸ ਦੀਆਂ ਸੰਸਥਾਵਾਂ ਨਾਲ ਸਬੰਧਤ ਕਿਸੇ ਮਾਮਲੇ ਦੇ ਬਾਰੇ ਵਿੱਚ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ, ਜਿਹੀ ਕਿ ਸੂਰਤ ਹੋਵੇ, ਕਰਵਾਉਣੀ ਉਚਿਤ ਸਮਝਦੀ ਹੈ ਤਾਂ ਰਾਜ ਸਰਕਾਰ ਦੁਆਰਾ ਵਾਈਸ-ਚਾਂਸਲਰ ਨੂੰ ਹਵਾਲਾ ਕੀਤਾ ਜਾਵੇਗਾ, ਜੋ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਕਰਵਾਏਗਾ।

ਚਾਂਸਲਰ। 9. (1) ਚੇਅਰਮੈਨ, ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ ਅਤੇ ਵਿਜ਼ਿਟਰ ਦੀ ਗੈਰ-ਹਾਜ਼ਰੀ ਵਿੱਚ, ਚਾਂਸਲਰ ਯੂਨੀਵਰਸਿਟੀ ਦੀ ਕੌਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(2) ਚਾਂਸਲਰ ਸ਼ਾਸਕ ਬੌਡੀ ਦਾ ਚੇਅਰਮੈਨ ਹੋਵੇਗਾ ਅਤੇ ਉਹ ਯੂਨੀਵਰਸਿਟੀ ਦੀ ਸ਼ਾਸਕ ਬੌਡੀ ਦੀ ਸਿਫ਼ਾਰਸ਼ 'ਤੇ ਯੂਨੀਵਰਸਿਟੀ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਸਾਰੀਆਂ ਨਿਯੁਕਤੀਆਂ, ਨਾਮਜ਼ਦਗੀਆਂ, ਹਟਾਉਣਾ, ਮੁਅੱਤਲੀਆਂ ਅਤੇ ਮੁੜ-ਬਹਾਲੀਆਂ ਨੂੰ ਪ੍ਰਵਾਨ ਕਰੇਗਾ।

(3) ਚਾਂਸਲਰ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਵੱਲੋਂ ਲਏ ਗਏ ਕਿਸੇ ਵੀ ਫ਼ੈਸਲੇ ਨੂੰ ਸੋਧ ਜਾਂ ਉਸ ਨੂੰ ਪਰਤਾ ਸਕੇਗਾ ਅਤੇ ਸ਼ਾਸਕ ਬੌਡੀ ਦੀ ਸਿਫ਼ਾਰਸ਼ 'ਤੇ ਯੂਨੀਵਰਸਿਟੀ ਦੇ ਕਾਜਕਾਰ ਦੇ ਸੁਯੋਗ ਸੰਚਾਲਣ ਨੂੰ ਚੱਲਦੇ ਰੱਖਣ ਲਈ ਸਾਰੀਆਂ ਜ਼ਰੂਰੀ ਗੱਲਾਂ ਕਰਨ ਲਈ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰ ਸਕੇਗਾ।

(4) ਚਾਂਸਲਰ ਕੋਲ ਅਜਿਹੇ ਹੋਰ ਸਾਰੇ ਕਾਰਜ ਕਰਨ ਦੀ ਸ਼ਕਤੀ ਹੋਵੇਗੀ ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਅਤੇ ਇਸ ਨਾਲ ਅਨੁਸੰਗਕ ਕਿਸੇ ਮਾਮਲੇ ਸਬੰਧੀ ਲੋੜੀਂਦੀ ਹੋਵੇ ਅਤੇ ਚਾਂਸਲਰ ਵੱਲੋਂ ਲਏ ਗਏ ਸਾਰੇ ਫ਼ੈਸਲੇ ਅੰਤਿਮ ਹੋਣਗੇ ਅਤੇ ਯੂਨੀਵਰਸਿਟੀ ਦੇ ਸਾਰੇ ਸਬੰਧਤਾਂ 'ਤੇ ਬੰਧਨਕਾਰੀ ਹੋਣਗੇ।

(5) ਜੇ, ਚਾਂਸਲਰ ਦੀ ਰਾਏ ਵਿੱਚ, ਯੂਨੀਵਰਸਿਟੀ ਦੇ ਕਿਸੇ ਅਧਿਕਾਰੀ ਜਾਂ ਅਥਾਰਟੀ ਦਾ ਕੋਈ ਫ਼ੈਸਲਾ ਇਸ ਐਕਟ ਜਾਂ ਪ੍ਰਵਿਧਾਨਾਂ ਜਾਂ ਆਰਡੀਨੈਂਸਾਂ ਜਾਂ ਵਿਨਿਯਮਾਂ ਅਧੀਨ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਤੋਂ ਬਾਹਰ ਹੈ ਜਾਂ ਉਨ੍ਹਾਂ

ਦਾ ਯੂਨੀਵਰਸਿਟੀ ਦੇ ਹਿੱਤਾਂ 'ਤੇ ਪ੍ਰਤੀਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੈ ਤਾਂ ਚਾਂਸਲਰ ਅਜਿਹੇ ਅਧਿਕਾਰੀ ਜਾਂ ਅਥਾਰਟੀ ਨੂੰ ਪੰਦਰਾਂ ਦਿਨਾਂ ਦੀ ਮੁੱਦਤ ਦੇ ਅੰਦਰ ਉਸਦੇ ਜਾਂ ਆਪਣੇ ਫ਼ੈਸਲੇ ਨੂੰ ਸੋਧਣ ਲਈ ਕਹੇਗਾ ਅਤੇ ਜੇ ਅਧਿਕਾਰੀ ਜਾਂ ਅਥਾਰਟੀ ਅਜਿਹੇ ਫ਼ੈਸਲੇ ਵਿੱਚ ਪੂਰਨ ਤੌਰ ਤੇ ਜਾਂ ਅੰਸ਼ਿਕ ਤੌਰ ਤੇ ਸੋਧ ਕਰਨ ਤੋਂ ਇਨਕਾਰ ਕਰਦੀ ਹੈ ਜਾਂ ਪੰਦਰਾਂ ਦਿਨ ਦੀ ਮੁੱਦਤ ਦੇ ਅੰਦਰ ਕੋਈ ਫ਼ੈਸਲਾ ਲੈਣ ਵਿੱਚ ਅਸਫ਼ਲ ਰਹਿੰਦੀ ਹੈ ਤਾਂ ਉਸ 'ਤੇ ਚਾਂਸਲਰ ਦਾ ਫ਼ੈਸਲਾ ਅੰਤਿਮ ਹੋਵੇਗਾ।

(6) ਜੇ, ਕਿਸੇ ਵੀ ਸਮੇਂ, ਕਿਸੇ ਪ੍ਰਤੀਬੇਨਤੀ ਦੇ ਪ੍ਰਾਪਤ ਹੋਣ 'ਤੇ ਜਾਂ ਹੋਰ ਤਰ੍ਹਾਂ ਚਾਂਸਲਰ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਜਾਂ ਕੋਈ ਹੋਰ ਅਧਿਕਾਰੀ ਵੱਲੋਂ,-

(ੳ) ਇਸ ਐਕਟ ਅਧੀਨ ਜਾਂ ਹੋਰ ਤਰ੍ਹਾਂ ਉਸ ਉੱਤੇ ਅਰੋਪੇ ਗਏ ਕਿਸੇ ਕਰਤੱਵ ਨੂੰ ਨਿਭਾਉਣ ਵਿੱਚ ਕੋਤਾਹੀ ਕੀਤੀ ਗਈ ਹੈ; ਜਾਂ

(ਅ) ਕੋਈ ਕਾਰਵਾਈ ਇਸ ਤਰੀਕੇ ਨਾਲ ਕੀਤੀ ਗਈ ਹੈ ਜੋ ਕਿ ਯੂਨੀਵਰਸਿਟੀ ਦੇ ਹਿੱਤਾਂ ਦੇ ਪ੍ਰਤੀਕੂਲ ਹੈ; ਜਾਂ

(ੲ) ਯੂਨੀਵਰਸਿਟੀ ਦੇ ਮਾਮਲਿਆਂ ਦਾ ਪ੍ਰਬੰਧ ਕਰਨ ਵਿੱਚ ਅਸਮਰੱਥ ਹੈ, ਤਾਂ ਚਾਂਸਲਰ, ਇਸ ਤੱਥ ਦੇ ਹੁੰਦਿਆਂ ਹੋਇਆਂ ਵੀ ਕਿ ਉਸ ਅਧਿਕਾਰੀ ਦੀ ਅਉਧ ਅਜੇ ਪੂਰੀ ਨਹੀਂ ਹੋਈ ਹੈ, ਲਿਖਤੀ ਹੁਕਮ ਦੁਆਰਾ ਉੱਥੇ ਕਾਰਨ ਦੱਸਦੇ ਹੋਏ ਵਾਈਸ-ਚਾਂਸਲਰ ਜਾਂ ਸਬੰਧਤ ਅਧਿਕਾਰੀ ਨੂੰ ਉਸ ਤਰੀਕ ਤੋਂ ਜਿਵੇਂ ਕਿ ਹੁਕਮਾਂ ਵਿੱਚ ਉਲਿਖਤ ਕੀਤਾ ਜਾਵੇ, ਆਪਣਾ ਅਹੁਦਾ ਤਿਆਗਣ ਦੀ ਲੋੜਨਾ ਕਰ ਸਕਦਾ ਹੈ। ਵਾਈਸ-ਚਾਂਸਲਰ ਜਾਂ ਸਬੰਧਤ ਅਧਿਕਾਰੀ ਵੱਲੋਂ ਉਸ ਉਲਿਖਤ ਕੀਤੀ ਗਈ ਤਰੀਕ ਤੋਂ ਆਪਣਾ ਅਹੁਦਾ ਛੱਡਿਆ ਗਿਆ ਸਮਝਿਆ ਜਾਵੇਗਾ:

ਪਰੰਤੂ ਅਜਿਹਾ ਕੋਈ ਵੀ ਹੁਕਮ ਉਦੋਂ ਤੱਕ ਪਾਸ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਹ ਆਧਾਰ ਜਿਨ੍ਹਾਂ 'ਤੇ ਅਜਿਹੀ ਕਾਰਵਾਈ ਕਰਨ ਦੀ ਤਜਵੀਜ਼ ਹੈ, ਵਾਈਸ-ਚਾਂਸਲਰ ਜਾਂ ਸਬੰਧਤ ਅਧਿਕਾਰੀ ਨੂੰ ਸੰਸੂਚਿਤ ਨਹੀਂ ਕੀਤੇ ਜਾਂਦੇ ਅਤੇ ਉਸ ਨੂੰ ਸੁਣਵਾਈ ਦਾ ਵਾਜਬ ਮੌਕਾ ਨਹੀਂ ਦੇ ਦਿੱਤਾ ਜਾਂਦਾ।

10. (1) ਵਾਈਸ-ਚਾਂਸਲਰ, ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਚਾਂਸਲਰ ਦੁਆਰਾ ਨਿਯੁਕਤ ਕੀਤਾ ਜਾਵੇਗਾ। ਵਾਈਸ-ਚਾਂਸਲਰ।

(2) ਕਿਸੇ ਵੀ ਵਿਅਕਤੀ ਨੂੰ ਵਾਈਸ-ਚਾਂਸਲਰ ਵਜੋਂ ਨਿਯੁਕਤ ਨਹੀ ਕੀਤਾ ਜਾਵੇਗਾ, ਜਦੋਂ ਤੱਕ ਉਸ ਕੋਲ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰੀ

ਸਰਕਾਰ ਦੁਆਰਾ ਇਸ ਤਰ੍ਹਾਂ ਸਿਰਜੀ ਗਈ ਇਸ ਦੇ ਬਰਾਬਰ ਦੀ ਬੌਡੀ ਦੁਆਰਾ ਉਲਿਖਤ ਕੀਤੀਆਂ ਗਈਆਂ ਅਜਿਹੀਆਂ ਕਾਬਲੀਅਤਾਂ ਨਾ ਹੋਣ।

(3) ਵਾਈਸ-ਚਾਂਸਲਰ ਸਮੁੱਚੇ ਰੂਪ ਵਿੱਚ ਯੂਨੀਵਰਸਿਟੀ ਦਾ ਇੰਚਾਰਜ ਹੋਵੇਗਾ ਜੋ ਯੂਨੀਵਰਸਿਟੀ ਦੇ ਮਾਮਲਿਆਂ ਤੇ ਆਮ ਨਿਗਰਾਨੀ ਅਤੇ ਕੰਟਰੋਲ ਰੱਖੇਗਾ ਅਤੇ ਯੂਨੀਵਰਸਿਟੀ ਦੀਆਂ ਭਿੰਨ-ਭਿੰਨ ਅਥਾਰਟੀਆਂ ਦੇ ਫ਼ੈਸਲਿਆਂ ਨੂੰ ਤਕਮੀਲ ਕਰੇਗਾ।

(4) ਵਿਜ਼ਿਟਰ ਅਤੇ ਚਾਂਸਲਰ ਦੀ ਗੈਰ-ਹਾਜ਼ਰੀ ਦੀ ਸੂਰਤ ਵਿੱਚ, ਵਾਈਸ-ਚਾਂਸਲਰ ਯੂਨੀਵਰਸਿਟੀ ਦੀ ਕੌਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(5) ਵਾਈਸ-ਚਾਂਸਲਰ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਜਕਾਰਾਂ ਨੂੰ ਨਿਭਾਏਗਾ, ਜਿਵੇਂ ਮੁਕੱਰਰ ਕੀਤਾ ਜਾਵੇ।

ਰਜਿਸਟਰਾਰ।

11. (1) ਰਜਿਸਟਰਾਰ, ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਚਾਂਸਲਰ ਦੁਆਰਾ ਨਿਯੁਕਤ ਕੀਤਾ ਜਾਵੇਗਾ।

(2) ਕਿਸੇ ਵੀ ਵਿਅਕਤੀ ਨੂੰ ਰਜਿਸਟਰਾਰ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਿ ਉਸ ਕੋਲ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰੀ ਸਰਕਾਰ ਦੁਆਰਾ ਇਸ ਤਰ੍ਹਾਂ ਸਿਰਜਤ ਕੀਤੀ ਗਈ ਇਸ ਦੇ ਬਰਾਬਰ ਦੀ ਬੌਡੀ ਦੁਆਰਾ ਉਲਿਖਤ ਕੀਤੀਆਂ ਗਈਆਂ ਅਜਿਹੀਆਂ ਕਾਬਲੀਅਤਾਂ ਨਾ ਹੋਣ।

(3) ਰਜਿਸਟਰਾਰ ਯੂਨੀਵਰਸਿਟੀ ਲਈ ਅਤੇ ਉਸਦੇ ਨਮਿੱਤ ਸਾਰੇ ਮੁਆਇਦਿਆਂ ਤੇ ਦਸਖ਼ਤ ਕਰੇਗਾ ਅਤੇ ਸਾਰੇ ਦਸਤਾਵੇਜਾਂ ਜਾਂ ਰਿਕਾਰਡ ਨੂੰ ਪ੍ਰਮਾਣੀਕ ਕਰੇਗਾ।

(4) ਰਜਿਸਟਰਾਰ, ਸ਼ਾਸਕ ਬੌਡੀ, ਪ੍ਰਬੰਧਕੀ ਬੋਰਡ ਅਤੇ ਅਕਾਦਮਿਕ ਕੌਂਸਲ ਦਾ ਮੈਂਬਰ-ਸਕੱਤਰ ਹੋਵੇਗਾ, ਪਰੰਤੂ ਉਸ ਕੋਲ ਵੋਟ ਦਾ ਅਧਿਕਾਰ ਨਹੀਂ ਹੋਵੇਗਾ।

(5) ਰਜਿਸਟਰਾਰ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਹੋਰ ਕਾਜਕਾਰ ਨਿਭਾਏਗਾ, ਜਿਵੇਂ ਮੁਕੱਰਰ ਕੀਤਾ ਜਾਵੇ।

ਮੁੱਖ ਵਿੱਤ ਅਤੇ ਲੇਖਾ ਅਧਿਕਾਰੀ।

12. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਚਾਂਸਲਰ ਦੁਆਰਾ ਅਜਿਹੇ ਤਰੀਕੇ ਨਾਲ ਨਿਯੁਕਤ ਕੀਤਾ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਕੋਈ ਵੀ ਵਿਅਕਤੀ ਉਦੋਂ ਤੱਕ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੇ ਤੌਰ ਤੇ ਨਿਯੁਕਤੀ ਲਈ ਕਾਬਲ ਨਹੀਂ ਹੋਵੇਗਾ ਜਦੋਂ ਤੱਕ ਉਸਨੇ ਭਾਰਤੀ ਚਾਰਟਰਡ ਲੇਖਾਕਾਰ ਸੰਸਥਾ ਦੁਆਰਾ ਸੰਚਾਲਤ ਚਾਰਟਰਡ ਲੇਖਾ ਟੈਸਟ ਪਾਸ ਨਾ ਕੀਤਾ ਹੋਵੇ।

(3) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਜਕਾਰ ਨਿਭਾਏਗਾ, ਜਿਵੇਂ ਮੁਕੱਰਰ ਕੀਤਾ ਜਾਵੇ।

13. (1) ਯੂਨੀਵਰਸਿਟੀ ਅਜਿਹੇ ਹੋਰ ਅਧਿਕਾਰੀ ਨਿਯੁਕਤ ਕਰ ਸਕੇਗੀ ਜੋ ਉਹ ਉਸ ਦੇ ਕਾਜਕਾਰ ਦੇ ਸੁਯੋਗ ਸੰਚਾਲਨ ਲਈ ਜ਼ਰੂਰੀ ਸਮਝਦੀ ਹੋਵੇ। ਹੋਰ ਅਧਿਕਾਰੀ।

(2) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀਆਂ ਨੂੰ ਨਿਯੁਕਤ ਕਰਨ ਦਾ ਤਰੀਕਾ ਅਤੇ ਉਹਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤਾ ਜਾਵੇ।

14. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਅਥਾਰਟੀਆਂ ਹੋਣਗੀਆਂ, ਅਰਥਾਤ:- ਯੂਨੀਵਰਸਿਟੀ ਦੀਆਂ ਅਥਾਰਟੀਆਂ।

(i) ਸ਼ਾਸ਼ਕ ਬੌਡੀ;

(ii) ਪ੍ਰਬੰਧ-ਬੋਰਡ;

(iii) ਅਕਾਦਮਿਕ ਕੌਂਸਲ;

(iv) ਵਿੱਤ ਕਮੇਟੀ; ਅਤੇ

(v) ਅਜਿਹੀਆਂ ਹੋਰ ਅਥਾਰਟੀਆਂ, ਜਿਵੇਂ ਪ੍ਰਵਿਧਾਨਾਂ ਦੁਆਰਾ ਯੂਨੀਵਰਸਿਟੀ ਦੀਆਂ ਅਥਾਰਟੀਆਂ ਐਲਾਨੀਆਂ ਗਈਆਂ ਹੋਣ।

15. (1) ਯੂਨੀਵਰਸਿਟੀ ਦੀ ਸ਼ਾਸਕ ਬੌਡੀ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗੀ, ਅਰਥਾਤ:- ਸ਼ਾਸਕ ਬੌਡੀ।

| | | | |
|---|---|---|---|
| (ੳ) | ਚਾਂਸਲਰ; | : | ਚੇਅਰਮੈਨ |
| (ਅ) | ਵਾਈਸ-ਚਾਂਸਲਰ; | : | ਮੈਂਬਰ |
| (ੲ) | ਟਰੱਸਟ ਵੱਲੋਂ ਨਾਮਜ਼ਦ ਕੀਤੇ ਤਿੰਨ ਵਿਅਕਤੀ, ਜਿਨ੍ਹਾਂ ਵਿੱਚੋਂ ਦੋ ਉੱਘੇ ਸਿੱਖਿਆ-ਸ਼ਾਸ਼ਤਰੀ ਹੋਣਗੇ; | : | ਮੈਂਬਰ |
| (ਸ) | ਚਾਂਸਲਰ ਦੁਆਰਾ ਨਾਮਜ਼ਦ ਕੀਤਾ ਗਿਆ ਯੂਨੀਵਰਸਿਟੀ ਤੋਂ ਬਾਹਰੋਂ ਪ੍ਰਬੰਧਨ ਜਾਂ ਸੂਚਨਾ ਤਕਨਾਲੋਜੀ ਦਾ ਇੱਕ ਮਾਹਿਰ; | : | ਮੈਂਬਰ |
| (ਹ) | ਚਾਂਸਲਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਵਿੱਤੀ ਮਾਹਿਰ; | : | ਮੈਂਬਰ |
| (ਕ) | ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ ਵੱਲੋਂ ਚਾਂਸਲਰ ਦੀ ਸਲਾਹ ਨਾਲ ਨਾਮਜ਼ਦ ਕੀਤਾ ਗਿਆ ਇੱਕ ਉੱਘਾ ਸਿੱਖਿਆ ਸ਼ਾਸ਼ਤਰੀ | : | ਮੈਂਬਰ |
| (ਖ) | ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ ਜਾਂ ਉਸ ਦਾ ਪ੍ਰਤੀਨਿਧ ਜੋ ਸੰਯੁਕਤ ਸਕੱਤਰ ਦੇ ਅਹੁਦੇ ਤੋਂ ਥੱਲੇ ਦਾ ਨ ਹੋਵੇ। | : | ਮੈਂਬਰ |

(2) ਸ਼ਾਸਕ ਬੌਡੀ ਯੂਨੀਵਰਸਿਟੀ ਦੀ ਸਰਵ-ਉੱਚ ਬੌਡੀ ਹੋਵੇਗੀ। ਇਹ ਹੇਠ-ਲਿਖੇ ਕਾਜਕਾਰ ਨਿਭਾਏਗੀ, ਅਰਥਾਤ:-

(ੳ) ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੀ ਅਨੁਸਾਰਤਾ ਵਿੱਚ ਯੂਨੀਵਰਸਿਟੀ ਦੀ ਕਾਰਜਕਾਰਤਾ ਨੂੰ ਕੰਟਰੋਲ ਕਰਨ ਲਈ ਆਮ ਨਿਗਰਾਨੀ ਪ੍ਰਦਾਨ ਕਰਨਾ ਅਤੇ ਨਿਰਦੇਸ਼ ਦੇਣਾ;

(ਅ) ਯੂਨੀਵਰਸਿਟੀ ਦੀਆਂ ਹੋਰ ਅਥਾਰਟੀਆਂ ਦੇ ਫ਼ੈਸਲਿਆਂ ਦੀ ਨਜ਼ਰਸਾਨੀ ਕਰਨਾ ਜੇਕਰ ਉਹ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਅਨੁਰੂਪ ਨਹੀਂ ਹਨ;

(ੲ) ਯੂਨੀਵਰਸਿਟੀ ਦਾ ਬਜਟ ਅਤੇ ਸਲਾਨਾ ਰਿਪੋਰਟ ਨੂੰ ਪ੍ਰਵਾਨ ਕਰਨਾ;

(ਸ) ਯੂਨੀਵਰਸਿਟੀ ਦੁਆਰਾ ਅਪਣਾਈਆਂ ਜਾਣ ਵਾਲੀਆਂ ਵਿਸਤਰਿਤ ਨੀਤੀਆਂ ਨੂੰ ਨਿਯਤ ਕਰਨਾ; ਅਤੇ

(ਹ) ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰਨੀ ਜਿਵੇਂ ਪ੍ਰਵਿਧਾਨਾਂ ਦੁਆਰਾ ਮੁਕੱਰਰ ਕੀਤਾ ਜਾਵੇ।

(3) ਸ਼ਾਸਕ ਬੌਡੀ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗੀ।

(4) ਸ਼ਾਸਕ ਬੌਡੀ ਦੀ ਇਕੱਤਰਤਾ ਲਈ ਕੋਰਮ ਪੰਜ ਦਾ ਹੋਵੇਗਾ।

ਪ੍ਰਬੰਧ-ਬੋਰਡ। 16. (1) ਪ੍ਰਬੰਧ-ਬੋਰਡ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗਾ, ਅਰਥਾਤ:-

| | | |
|---|---|---|
| (ੳ) | ਚਾਂਸਲਰ; | : ਚੇਅਰਪਰਸਨ |
| (ਅ) | ਵਾਈਸ-ਚਾਂਸਲਰ; | : ਮੈਂਬਰ |
| (ੲ) | ਟਰੱਸਟ ਦੁਆਰਾ ਨਾਮਜ਼ਦ ਕੀਤੇ ਗਏ ਟਰੱਸਟ ਦੇ ਦੋ ਮੈਂਬਰ; | : ਮੈਂਬਰ |
| (ਸ) | ਟਰੱਸਟ ਦੁਆਰਾ ਨਾਮਜ਼ਦ ਕੀਤੇ ਗਏ ਤਿੰਨ ਵਿਅਕਤੀ ਜੋ ਟਰੱਸਟ ਦੇ ਮੈਂਬਰ ਨਹੀਂ ਹਨ; | : ਮੈਂਬਰ |
| (ਹ) | ਟਰੱਸਟ ਦੁਆਰਾ ਨਾਮਜ਼ਦ ਕੀਤੇ ਗਏ, ਅਧਿਆਪਕਾਂ ਵਿੱਚੋਂ ਦੋ ਵਿਅਕਤੀ; | : ਮੈਂਬਰ |
| (ਕ) | ਰਾਜ ਸਰਕਾਰ ਦੇ ਪ੍ਰਤੀਨਿਧ ਵਜੋਂ ਡਾਇਰੈਕਟਰ, ਉਚੇਰੀ ਸਿੱਖਿਆ ਪੰਜਾਬ; ਅਤੇ | : ਮੈਂਬਰ |
| (ਖ) | ਚਾਂਸਲਰ ਦੁਆਰਾ ਨਾਮਜ਼ਦ ਕੀਤੇ ਗਏ ਦੋ ਅਧਿਆਪਕ। | : ਮੈਂਬਰ |

(2) ਪ੍ਰਬੰਧ-ਬੋਰਡ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਜਕਾਰ ਨਿਭਾਏਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(3) ਪ੍ਰਬੰਧ-ਬੋਰਡ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗਾ।

(4) ਪ੍ਰਬੰਧ-ਬੋਰਡ ਦੀ ਇਕੱਤਰਤਾ ਲਈ ਕੋਰਮ ਪੰਜ ਦਾ ਹੋਵੇਗਾ।

17. (1) ਅਕਾਦਮਿਕ ਕੌਂਸਲ ਹੇਠ-ਲਿਖੇ ਮੈਂਬਰਾਂ ਤੋਂ ਮਿਲਕੇ ਬਣੇਗੀ, ਅਰਥਾਤ:- ਅਕਾਦਮਿਕ ਕੌਂਸਲ।

| | | | |
|---|---|---|---|
| (ੳ) | ਵਾਈਸ-ਚਾਂਸਲਰ; | : | ਚੇਅਰਪਰਸਨ |
| (ਅ) | ਰਾਜ ਸਰਕਾਰ ਦੁਆਰਾ ਉਸ ਦੇ ਪ੍ਰਤੀਨਿਧ ਵਜੋਂ ਨਾਮਜ਼ਦ ਕੀਤਾ ਗਿਆ ਇੱਕ ਉੱਘਾ ਅਕਾਦਮਿਕ ਵਿਅਕਤੀ; ਅਤੇ | : | ਮੈਂਬਰ |
| (ੲ) | ਅਜਿਹੇ ਹੋਰ ਮੈਂਬਰ, ਜਿਵੇਂ ਮੁਕੱਰਰ ਕੀਤਾ ਜਾਵੇ। | : | ਮੈਂਬਰ |

(2) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਪ੍ਰਮੁੱਖ ਅਕਾਦਮਿਕ ਬੌਡੀ ਹੋਵੇਗੀ ਅਤੇ ਇਹ, ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਦੀਆਂ ਅਕਾਦਮਿਕ ਨੀਤੀਆਂ ਵਿੱਚ ਤਾਲਮੇਲ ਕਰੇਗੀ ਅਤੇ ਉਨ੍ਹਾਂ ਤੇ ਆਮ ਨਿਗਰਾਨੀ ਰੱਖੇਗੀ।

(3) ਅਕਾਦਮਿਕ ਕੌਂਸਲ ਦੀ ਇਕੱਤਰਤਾ ਦਾ ਕੋਰਮ ਅਜਿਹਾ ਹੋਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ।

18. (1) ਵਿੱਤ ਕਮੇਟੀ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:- ਵਿੱਤ ਕਮੇਟੀ।

| | | | |
|---|---|---|---|
| (i) | ਵਾਈਸ-ਚਾਂਸਲਰ; | : | ਚੇਅਰਪਰਸਨ |
| (ii) | ਡੀਨ ਅਕਾਦਮਿਕ ਮਾਮਲੇ; | : | ਮੈਂਬਰ |
| (iii) | ਰਜਿਸਟਰਾਰ; | : | ਮੈਂਬਰ |
| (iv) | ਟਰੱਸਟ ਦੁਆਰਾ ਨਾਮਜ਼ਦ ਕੀਤੇ ਗਏ ਦੋ ਵਿਅਕਤੀ, ਜਿਨ੍ਹਾਂ ਵਿੱਚੋਂ ਇੱਕ ਵਿੱਤੀ ਮਾਹਿਰ ਹੋਵੇਗਾ; | : | ਮੈਂਬਰ |
| (v) | ਮੁੱਖ ਵਿੱਤ ਅਤੇ ਲੇਖਾ ਅਧਿਕਾਰੀ। | | ਮੈਂਬਰ-ਸਕੱਤਰ |

(2) ਟਰੱਸਟ ਦੁਆਰਾ ਨਾਮਜ਼ਦ ਕੀਤੇ ਗਏ ਮੈਂਬਰ ਦੋ ਸਾਲਾਂ ਦੀ ਮੁਦੱਤ ਲਈ ਅਹੁਦਾ ਧਾਰਨ ਕਰਨਗੇ।

19. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਲੋੜੀਂਦੇ ਦਸਤਾਵੇਜਾਂ ਨਾਲ, ਯੂਨੀਵਰਸਿਟੀ ਦਾ ਸਲਾਨਾ ਬਜਟ ਤਿਆਰ ਕਰਵਾਏਗਾ ਅਤੇ ਉਸ ਨੂੰ ਪ੍ਰਵਾਨਗੀ ਲਈ ਵਿੱਤ ਕਮੇਟੀ ਨੂੰ ਪੇਸ਼ ਕਰੇਗਾ। ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਵਿੱਤ ਕਮੇਟੀ ਦੇ ਕਾਜਕਾਰ।

ਯੂਨੀਵਰਸਿਟੀ ਦੀ ਸਲਾਨਾ ਆਮਦਨ ਅਤੇ ਖਰਚਿਆਂ ਦੇ ਲੇਖੇ ਵੀ ਤਿਆਰ ਕਰਵਾਏਗਾ ਅਤੇ ਇਸ ਬਾਬਤ ਵਿੱਤ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਚਾਰਟਰਡ ਲੇਖਾਕਾਰ ਦੁਆਰਾ ਇਸ ਦਾ ਆਡਿਟ ਕਰਵਾਏਗਾ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਅਨੁਸਾਰ ਵਿੱਤ ਕਮੇਟੀ ਦੁਆਰਾ ਪ੍ਰਵਾਨਤ ਬਜਟ ਯੂਨੀਵਰਸਿਟੀ ਦੀ ਆਮਦਨ ਅਤੇ ਖਰਚਿਆਂ ਦੇ ਆਡਿਟ ਬਾਬਤ ਨੋਟ ਦੇ ਨਾਲ ਚਾਂਸਲਰ ਦੀ ਪ੍ਰਵਾਨਗੀ ਲਈ ਉਸ ਅੱਗੇ ਪੇਸ਼ ਕੀਤਾ ਜਾਵੇਗਾ।

(3) ਵਿੱਤ ਕਮੇਟੀ ਯੂਨੀਵਰਸਿਟੀ ਦੇ ਵਿੱਤੀ ਮਾਮਲਿਆਂ 'ਤੇ ਚਾਂਸਲਰ ਨੂੰ ਸਲਾਹ ਦੇਵੇਗੀ।

ਹੋਰ ਅਥਾਰਟੀਆਂ।

20. ਧਾਰਾ 14 ਦੇ ਖੰਡ (v) ਅਧੀਨ ਅਥਾਰਟੀਆਂ ਦੀ ਰਚਨਾ, ਗਠਨ, ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤਾ ਜਾਵੇ।

ਅਥਾਰਟੀ ਜਾਂ ਬੌਡੀ ਦੀ ਮੈਂਬਰਸ਼ਿੱਪ ਲਈ ਨਾਕਾਬਲੀਅਤਾਂ।

21. ਕੋਈ ਵਿਅਕਤੀ ਯੂਨੀਵਰਸਿਟੀ ਦੀਆਂ ਕਿਸੇ ਵੀ ਅਥਾਰਟੀਆਂ ਜਾਂ ਬੌਡੀਆਂ ਦਾ ਮੈਂਬਰ ਹੋਣ ਦੇ ਨਾਕਾਬਲ ਹੋ ਜਾਵੇਗਾ, ਜੇ ਉਹ,-

(i) ਵਿਗੜ-ਚਿਤ ਹੈ ਅਤੇ ਕਿਸੇ ਸ਼ਕਤਵਾਨ ਅਦਾਲਤ ਦੁਆਰਾ ਅਜਿਹਾ ਐਲਾਨਿਆ ਹੋਇਆ ਹੈ; ਜਾਂ

(ii) ਇੱਕ ਅਮੁੱਕਤ ਦਿਵਾਲੀਆ ਹੈ; ਜਾਂ

(iii) ਕਿਸੇ ਸਦਾਚਾਰਕ ਗਿਰਾਵਟ ਵਾਲੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੈ; ਜਾਂ

(iv) ਕਿਸੇ ਰੂਪ ਵਿੱਚ ਅਤੇ ਕਿਤੇ ਵੀ ਕਿਸੇ ਪ੍ਰੀਖਿਆ ਦਾ ਸੰਚਾਲਣ ਕਰਨ ਵਿੱਚ ਕਿਸੇ ਅਣਉਚਿਤ ਆਚਰਣ ਨਾਲ ਖਚਿਤ ਹੋਣ ਕਰਕੇ ਜਾਂ ਉਸ ਨੂੰ ਪ੍ਰਫੁੱਲਤ ਕਰਨ ਕਾਰਨ ਸਜ਼ਾ-ਯਾਫ਼ਤਾ ਹੋ ਗਿਆ ਹੈ।

ਖਾਲੀ ਥਾਵਾਂ ਕਾਰਨ ਕਾਰਜਾਂ ਜਾਂ ਕਾਰਵਾਈਆਂ ਦਾ ਨਾਜਾਇਜ਼ ਨ ਹੋਣਾ।

22. ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਕਿਸੇ ਹੋਰ ਬੌਡੀ ਦੁਆਰਾ ਇਸ ਐਕਟ ਅਧੀਨ ਕੀਤਾ ਗਿਆ ਕੋਈ ਕਾਰਜ, ਜਾਂ ਕਾਰਵਾਈਆਂ ਸਿਰਫ਼ ਇਸ ਕਾਰਨ ਨਾਜਾਇਜ਼ ਨਹੀਂ ਹੋਣਗੀਆਂ ਕਿ-

(ੳ) ਅਥਾਰਟੀ ਜਾਂ ਬੌਡੀ ਵਿੱਚ ਕੋਈ ਥਾਂ ਖਾਲੀ ਹੈ ਜਾਂ ਉਸ ਦੇ ਗਠਨ ਵਿੱਚ ਕੋਈ ਤਰੁੱਟੀ ਹੈ; ਜਾਂ

(ਅ) ਉਸ ਦੇ ਮੈਂਬਰ ਵਜੋਂ ਕਾਰਜ ਕਰ ਰਹੇ ਕਿਸੇ ਵਿਅਕਤੀ ਦੀ ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ; ਜਾਂ

(ੲ) ਅਜਿਹੇ ਕਾਰਜ ਜਾਂ ਕਾਰਵਾਈ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ ਜੋ ਮਾਮਲੇ ਦੇ ਗੁਣਾਂ ਤੇ ਪ੍ਰਭਾਵ ਨਹੀਂ ਪਾਉਂਦੀ।

23. ਜੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਵਿੱਚ ਕਿਸੇ ਮੈਂਬਰ ਦੀ ਮੌਤ ਹੋ ਜਾਣ ਕਾਰਨ ਜਾਂ ਉਸ ਦੇ ਅਸਤੀਫ਼ੇ ਜਾਂ ਅਹੁਦੇ ਤੋਂ ਹਟਾਏ ਜਾਣ ਕਾਰਨ ਜਾਂ ਜਿਸ ਸਮਰੱਥਾ ਵਿੱਚ ਉਸ ਨੂੰ ਨਿਯੁਕਤ ਜਾਂ ਨਾਮਜ਼ਦ ਕੀਤਾ ਗਿਆ ਸੀ ਉਸ ਸਮਰੱਥਾ ਵਿੱਚ ਤਬਦੀਲੀ ਹੋ ਜਾਣ ਕਾਰਨ ਕੋਈ ਆਸਾਮੀ ਖਾਲੀ ਹੁੰਦੀ ਹੈ ਤਾਂ ਉਸ ਅਥਾਰਟੀ ਜਾਂ ਬੌਡੀ ਦੁਆਰਾ ਜਿਸ ਵੱਲੋਂ ਅਜਿਹੇ ਮੈਂਬਰ ਦੀ ਨਿਯੁਕਤੀ ਜਾਂ ਨਾਮਜ਼ਦਗੀ ਕੀਤੀ ਗਈ ਸੀ, ਜਿੰਨੀ ਛੇਤੀ ਸੰਭਵ ਹੋ ਸਕੇ ਉਸ ਆਸਾਮੀ ਨੂੰ ਭਰਿਆ ਜਾਵੇਗਾ: ਸੰਕਟਕਾਲੀ ਖ਼ਾਲੀ ਹੋਈਆਂ ਆਸਾਮੀਆਂ ਨੂੰ ਭਰਨਾ।

ਪਰੰਤੂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਦੇ ਮੈਂਬਰ ਦੀ ਸੰਕਟਕਾਲੀ ਖ਼ਾਲੀ ਹੋਈ ਆਸਾਮੀ ਤੇ ਨਾਮਜ਼ਦ ਜਾਂ ਨਿਯੁਕਤ ਕੀਤਾ ਗਿਆ ਅਜਿਹਾ ਵਿਅਕਤੀ, ਮੈਂਬਰ ਦੀ ਬਾਕੀ ਰਹਿੰਦੀ ਮਿਆਦ ਲਈ ਹੀ ਅਥਾਰਟੀ ਜਾਂ ਬੌਡੀ ਦੇ ਮੈਂਬਰ ਦੇ ਅਹੁਦੇ ਤੇ ਬਣਿਆ ਰਹੇਗਾ, ਜਿਸ ਦੀ ਥਾਂ ਤੇ ਉਸ ਨੂੰ ਨਿਯੁਕਤ ਜਾਂ ਨਾਮਜ਼ਦ, ਜਿਹੀ ਕਿ ਸੂਰਤ ਹੋਵੇ, ਕੀਤਾ ਗਿਆ ਹੈ।

24. ਯੂਨੀਵਰਸਿਟੀ ਦੀਆਂ ਅਥਾਰਟੀਆਂ ਜਾਂ ਅਧਿਕਾਰੀ ਅਜਿਹੀਆਂ ਕਮੇਟੀਆਂ ਦਾ ਗਠਨ ਕਰ ਸਕਦੇ ਹਨ, ਜੋ ਅਜਿਹੀਆਂ ਕਮੇਟੀਆਂ ਦੁਆਰਾ ਵਿਸ਼ੇਸ਼ ਕੰਮ ਕਰਨ ਲਈ ਜ਼ਰੂਰੀ ਹੋ ਸਕਦੀਆਂ ਹਨ। ਅਜਿਹੀਆਂ ਕਮੇਟੀਆਂ ਦਾ ਗਠਨ ਅਤੇ ਕਰਤੱਵ ਅਜਿਹੇ ਹੋਣਗੇ, ਜਿਵੇ ਮੁਕੱਰਰ ਕੀਤੇ ਜਾਣ। ਕਮੇਟੀਆਂ।

25. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਪ੍ਰਵਿਧਾਨ ਬਣਾ ਸਕੇਗੀ ਜਾਂ ਉਨ੍ਹਾਂ ਨੂੰ ਸੋਧ ਜਾਂ ਨਿਰਸਤ ਕਰ ਸਕੇਗੀ। ਪ੍ਰਵਿਧਾਨ ਬਣਾਉਣ ਦੀ ਸ਼ਕਤੀ।

(2) ਪ੍ਰਵਿਧਾਨ ਜਾਂ ਉਨਾਂ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਸ ਦਾ ਨਿਰਸਨ ਚਾਂਸਲਰ ਦੀ ਪ੍ਰਵਾਨਗੀ ਲੋੜੇਗਾ।

(3) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਪ੍ਰਵਿਧਾਨ ਹੇਠ-ਲਿਖੇ ਮਾਮਲਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(i) ਯੂਨੀਵਰਸਿਟੀ ਦੀਆਂ ਅਥਾਰਟੀਆਂ ਅਤੇ ਹੋਰ ਬੌਡੀਆਂ, ਜੋ ਸਮੇਂ-ਸਮੇਂ ਤੇ ਗਠਤ ਕੀਤੀਆਂ ਗਈਆਂ ਹੋਣ, ਦੇ ਗਠਨ, ਸ਼ਕਤੀਆਂ ਅਤੇ ਕਾਜਕਾਰ;

(ii) ਵਾਈਸ-ਚਾਂਸਲਰ ਦੀ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ ਅਤੇ ਉਸ ਦੀਆਂ ਸ਼ਕਤੀਆਂ ਅਤੇ ਕਾਜਕਾਰ;

(iii) ਰਜਿਸਟਰਾਰ ਅਤੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(iv) ਹੋਰ ਅਧਿਕਾਰੀਆਂ ਅਤੇ ਅਧਿਆਪਕਾਂ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(v) ਯੂਨੀਵਰਸਿਟੀ ਦੇ ਕਰਮਚਾਰੀਆਂ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(vi) ਯੂਨੀਵਰਸਿਟੀ, ਅਧਿਕਾਰੀਆਂ, ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਵਿਚਕਾਰ ਝਗੜੇ ਦੀ ਸੂਰਤ ਵਿੱਚ ਸਾਲਸੀ ਜ਼ਾਬਤਾ;

(vii) ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(viii) ਵਿਦਿਆਰਥੀਆਂ ਨੂੰ ਟਿਊਸ਼ਨ ਫ਼ੀਸ ਦੀ ਅਦਾਇਗੀ ਤੋਂ ਛੋਟ ਅਤੇ ਉਨ੍ਹਾਂ ਨੂੰ ਵਜ਼ੀਫ਼ੇ ਅਤੇ ਫੈਲੋਸ਼ਿਪਾਂ ਪ੍ਰਦਾਨ ਕਰਨਾ;

(ix) ਪੰਜਾਬ ਪ੍ਰਾਈਵੇਟ ਯੂਨੀਵਰਸਿਟੀਆਂ ਨੀਤੀ, 2010 ਦੇ ਖੰਡ 9 ਨੂੰ ਧਿਆਨ ਵਿੱਚ ਰੱਖਦੇ ਹੋਏ, ਦਾਖ਼ਲਿਆਂ ਦੀ ਨੀਤੀ, ਜਿਸ ਵਿੱਚ ਸੀਟਾਂ ਦੇ ਰਾਖਵੇਂਕਰਨ ਨੂੰ ਵਿਨਿਯਮਤ ਕਰਨਾ ਸ਼ਾਮਲ ਹੈ;

(x) ਵੱਖ-ਵੱਖ ਕੋਰਸਾਂ ਵਿੱਚ ਸੀਟਾਂ ਦੀ ਗਿਣਤੀ; ਅਤੇ

(xi) ਸਾਰੇ ਹੋਰ ਮਾਮਲੇ ਜਿਨ੍ਹਾਂ ਲਈ ਇਸ ਐਕਟ ਅਧੀਨ ਪ੍ਰਵਿਧਾਨ ਬਣਾਉਣੇ ਲੋੜੀਂਦੇ ਹੋਣ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਪਿੱਛੋਂ, ਯੂਨੀਵਰਸਿਟੀ ਦੇ ਪ੍ਰਵਿਧਾਨ ਰਾਜ ਸਰਕਾਰ ਨੂੰ ਉਸ ਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(5) ਰਾਜ ਸਰਕਾਰ ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਪ੍ਰਵਿਧਾਨਾਂ ਤੇ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ ਹੋਣ, ਜਿਵੇਂ ਕਿ ਉਹ ਜ਼ਰੂਰੀ ਸਮਝਦੀ ਹੋਵੇ, ਉਸ ਦੀ ਪ੍ਰਵਾਨਗੀ ਦੇਵੇਗੀ ਅਤੇ ਪ੍ਰਵਿਧਾਨ ਯੂਨੀਵਰਸਿਟੀ ਨੂੰ ਵਾਪਸ ਭੇਜੇਗੀ।

(6) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਪ੍ਰਵਿਧਾਨਾਂ ਤੇ ਉਸਦੀ ਸਹਿਮਤੀ ਸੰਸੂਚਤ ਕਰੇਗੀ, ਅਤੇ ਜੇ ਯੂਨੀਵਰਸਿਟੀ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਇਸ ਦੇ ਕਾਰਨ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਪ੍ਰਵਿਧਾਨਾਂ ਨੂੰ ਅੰਤਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ, ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਪ੍ਰਵਿਧਾਨਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਆਰਡੀਨੈਂਸ ਬਣਾਉਣ ਦੀ ਸ਼ਕਤੀ।

26. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਆਰਡੀਨੈਂਸ ਬਣਾ ਸਕੇਗੀ ਜਾਂ ਉਨ੍ਹਾਂ ਵਿੱਚ ਸੋਧ ਕਰ ਸਕੇਗੀ, ਜਾਂ ਉਨਾਂ ਨੂੰ ਨਿਰਸਤ ਕਰ ਸਕੇਗੀ।

(2) ਹਰੇਕ ਆਰਡੀਨੈਂਸ ਜਾਂ ਉਸ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਸ ਦਾ ਨਿਰਸਨ ਚਾਂਸਲਰ ਦੀ ਪ੍ਰਵਾਨਗੀ ਲੋੜੇਗਾ।

(3) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਆਰਡੀਨੈਂਸ ਹੇਠ-ਲਿਖੇ ਵਿਸ਼ਿਆਂ ਲਈ ਉਪਬੰਧ ਕਰ ਸਕਣਗੇ,ਅਰਥਾਤ:-

(i) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਅਤੇ ਉਨ੍ਹਾਂ ਨੂੰ ਅਜਿਹੇ ਰੂਪ ਵਿੱਚ ਦਰਜ ਕਰਨ ਲਈ;

(ii) ਯੂਨੀਵਰਸਿਟੀ ਦੀਆਂ ਡਿਗਰੀਆਂ, ਡਿਪਲੋਮਿਆਂ ਅਤੇ ਸਰਟੀਫਿਕੇਟਾਂ ਲਈ ਨਿਯਤ ਕੀਤੇ ਜਾਣ ਵਾਲੇ ਅਧਿਐਨ ਕੋਰਸ ਲਈ;

(iii) ਡਿਗਰੀਆਂ, ਡਿਪਲੋਮੇ, ਸਰਟੀਫਿਕੇਟਾਂ ਅਤੇ ਹੋਰ ਅਕਾਦਮਿਕ ਉਪਾਧੀਆਂ ਲਈ;

(iv) ਯੂਨੀਵਰਸਿਟੀ ਦੇ ਭਿੰਨ-ਭਿੰਨ ਕੋਰਸਾਂ, ਪ੍ਰੀਖਿਆਵਾਂ, ਡਿਗਰੀਆਂ, ਡਿਪਲੋਮਿਆਂ ਲਈ, ਲਈਆਂ ਜਾਣ ਵਾਲੀਆਂ ਫ਼ੀਸਾਂ;

(v) ਫੈਲੋ-ਵਜ਼ੀਫੇ, ਵਜ਼ੀਫੇ, ਵਿਦਿਆਰਥੀ-ਵਜ਼ੀਫੇ, ਮੈਡਲ ਅਤੇ ਇਨਾਮ ਦੇਣ ਲਈ ਸ਼ਰਤਾਂ;

(vi) ਪਰੀਖਿਆਵਾਂ ਦਾ ਸੰਚਾਲਣ, ਜਿਸ ਵਿੱਚ ਪਰੀਖਿਆ ਲੈਣ ਵਾਲੀਆਂ ਬੌਡੀਆਂ, ਪਰੀਖਿਅਕਾਂ ਅਤੇ ਮਾਡਰੇਟਰਾਂ ਦੇ ਅਹੁਦੇ ਦੇ ਨਿਬੰਧਨ, ਨਿਯੁਕਤੀ ਦਾ ਤਰੀਕਾ ਅਤੇ ਕਰਤੱਵ ਸ਼ਾਮਲ ਹਨ;

(vii) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਲਈ ਹੋਸਟਲ ਦੀਆਂ ਸਹੂਲਤਾਂ ਦੀਆਂ ਸ਼ਰਤਾਂ;

(viii) ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਲਈ;

(ix) ਕਿਸੇ ਹੋਰ ਬੌਡੀ ਦੀ ਸਿਰਜਣਾ, ਰਚਨਾ ਅਤੇ ਕਾਜਕਾਰ ਜਿਹੜੀ ਯੂਨੀਵਰਸਿਟੀ ਦੇ ਅਕਾਦਮਿਕ ਮਿਆਰ ਨੂੰ ਸੁਧਾਰਨ ਲਈ ਜ਼ਰੂਰੀ ਸਮਝੀ ਜਾਂਦੀ ਹੈ;

(x) ਹੋਰ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨਾਲ ਸਹਿਯੋਗ ਅਤੇ ਸਾਂਝ ਦਾ ਤਰੀਕਾ; ਅਤੇ

(xi) ਸਾਰੇ ਹੋਰ ਮਾਮਲੇ ਜੋ ਇਸ ਐਕਟ ਜਾਂ ਇਸ ਦੇ ਅਧੀਨ ਬਣੇ ਪ੍ਰਵਿਧਾਨਾਂ ਰਾਹੀਂ ਆਰਡੀਨੈਂਸਾਂ ਦੁਆਰਾ ਉਪਬੰਧਤ ਕੀਤੇ ਜਾਣੇ ਲੋੜੀਂਦੇ ਹਨ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਪਿੱਛੋਂ, ਯੂਨੀਵਰਸਿਟੀ ਦੇ ਆਰਡੀਨੈਂਸ ਰਾਜ ਸਰਕਾਰ ਨੂੰ ਉਸ ਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(5) ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਆਰਡੀਨੈਂਸਾਂ ਤੇ ਰਾਜ ਸਰਕਾਰ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦਾਂ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ ਹੋਣ, ਜਿਵੇਂ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਉਨ੍ਹਾਂ ਨੂੰ ਯੂਨੀਵਰਸਿਟੀ ਨੂੰ ਵਾਪਸ ਭੇਜ ਦੇਵੇਗੀ।

(6) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਆਰਡੀਨੈਂਸਾਂ ਤੇ ਆਪਣੀ ਸਹਿਮਤੀ ਸੰਸੂਚਤ ਕਰੇਗੀ ਅਤੇ ਜੇ ਉਹ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਇਸ ਦੇ ਕਾਰਨ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਆਰਡੀਨੈਂਸਾਂ ਨੂੰ ਅੰਤਿਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ, ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਆਰਡੀਨੈਂਸਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ।

27. (1) ਸ਼ਾਸਕ ਬੌਡੀ, ਸਮੇਂ ਸਮੇਂ ਤੇ ਵਿਨਿਯਮ ਬਣਾ ਸਕੇਗੀ ਜਾਂ ਉਨ੍ਹਾਂ ਵਿੱਚ ਸੋਧ ਜਾਂ ਉਨ੍ਹਾਂ ਨੂੰ ਨਿਰਸਤ ਕਰ ਸਕੇਗੀ।

(2) ਹਰੇਕ ਵਿਨਿਯਮ ਜਾਂ ਉਸ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਸ ਦਾ ਨਿਰਸਨ ਚਾਂਸਲਰ ਦੀ ਪ੍ਰਵਾਨਗੀ ਲੋੜੇਗਾ।

(3) ਚਾਂਸਲਰ ਦੀ ਪ੍ਰਵਾਨਗੀ ਤੋਂ ਪਿੱਛੋਂ ਯੂਨੀਵਰਸਿਟੀ ਦੇ ਵਿਨਿਯਮ ਰਾਜ ਸਰਕਾਰ ਨੂੰ ਉਸ ਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(4) ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਵਿਨਿਯਮਾਂ ਤੇ ਰਾਜ ਸਰਕਾਰ ਵਿਚਾਰ ਕਰੇਗੀ ਅਤੇ ਬਿਨ੍ਹਾਂ ਰੂਪਭੇਦਾਂ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ ਹੋਣ, ਜਿਵੇਂ ਉਹ ਜ਼ਰੂਰੀ ਸਮਝਦੀ ਹੋਵੇ, ਉਸਦੀ ਪ੍ਰਵਾਨਗੀ ਦੇਵੇਗੀ ਅਤੇ ਉਨ੍ਹਾਂ ਨੂੰ ਯੂਨੀਵਰਸਿਟੀ ਨੂੰ ਵਾਪਸ ਭੇਜ ਦੇਵੇਗੀ।

(5) ਯੂਨੀਵਰਸਿਟੀ ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਵਿਨਿਯਮਾਂ ਤੇ ਆਪਣੀ ਸਹਿਮਤੀ ਸੰਸੂਚਿਤ ਕਰੇਗੀ ਅਤੇ ਜੇ ਉਹ ਰਾਜ ਸਰਕਾਰ ਦੁਆਰਾ ਕੀਤੇ ਗਏ ਕੁੱਝ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਹੈ, ਤਾਂ ਉਹ ਇਸ ਦੇ ਕਾਰਨ ਦੇ ਸਕੇਗੀ।

(6) ਰਾਜ ਸਰਕਾਰ ਦੁਆਰਾ ਵਿਨਿਯਮਾਂ ਨੂੰ ਅੰਤਿਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ, ਇਨ੍ਹਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(7) ਇਸ ਤਰ੍ਹਾਂ ਬਣਾਏ ਗਏ ਵਿਨਿਯਮਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਯੂਨੀਵਰਸਿਟੀ ਵੱਲੋਂ ਵਿਨਿਯਮਤ ਬੌਡੀਆਂ ਦੇ ਨਿਯਮਾਂ, ਵਿਨਿਯਮਾਂ ਆਦਿ ਦੀ ਪਾਲਣਾ ਕਰਨਾ।

28. (1) ਯੂਨੀਵਰਸਿਟੀ ਨੂੰ ਅਜਿਹੀ ਕੋਈ ਵੀ ਡਿਗਰੀ ਪ੍ਰਦਾਨ ਕਰਨ ਤੋਂ ਵਰਜਿਤ ਕੀਤਾ ਜਾਵੇਗਾ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰੀ ਸਰਕਾਰ ਦੁਆਰਾ ਇਸ ਦੇ ਬਰਾਬਰ ਦੀ ਗਠਤ ਕੀਤੀ ਗਈ ਬੌਡੀ ਵੱਲੋਂ ਮਾਨਤਾ ਪ੍ਰਾਪਤ ਨਹੀਂ ਹੈ।

(2) ਯੂਨੀਵਰਸਿਟੀ ਲਈ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ ਮਿਆਰਾਂ ਦੀ ਸਥਾਪਨਾ ਅਤੇ ਸੰਭਾਲ) ਵਿਨਿਯਮ, 2003 ਜਾਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕਿਸੇ ਹੋਰ ਰੈਗੂਲੇਟਰੀ ਬੌਡੀਆਂ ਦੁਆਰਾ ਪ੍ਰਾਈਵੇਟ ਯੂਨੀਵਰਸਿਟੀਆਂ ਲਈ ਬਣਾਏ ਗਏ ਕਿਸੇ ਹੋਰ ਵਿਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ।

ਆਮ ਫ਼ੰਡ।

29. (1) ਯੂਨੀਵਰਸਿਟੀ ਦਾ ਇੱਕ ਆਮ ਫ਼ੰਡ ਹੋਵੇਗਾ, ਜਿਸ ਵਿੱਚ ਰਾਸ਼ੀ ਜਮ੍ਹਾਂ ਕਰਵਾਈ ਜਾਵੇਗੀ,-

(ੳ) ਯੂਨੀਵਰਸਿਟੀ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਫੀਸਾਂ ਅਤੇ ਹੋਰ ਚਾਰਜਿਜ਼;

(ਅ) ਯੂਨੀਵਰਸਿਟੀ ਦੁਆਰਾ ਸਲਾਹਕਾਰੀ ਤੋਂ ਅਤੇ ਆਪਣੇ ਜ਼ਿੰਮੇ ਲਏ ਗਏ ਹੋਰ ਕੰਮਾਂ ਤੋਂ ਪ੍ਰਾਪਤ ਕੀਤੀ ਗਈ ਕੋਈ ਆਮਦਨ; ਅਤੇ

(ੲ) ਕਿਸੇ ਸਰਕਾਰੀ ਅਤੇ ਗੈਰ-ਸਰਕਾਰੀ ਫ਼ੰਡ ਏਜੰਸੀਆਂ ਤੋਂ ਖੋਜ ਪ੍ਰੋਜੈਕਟਾਂ ਲਈ ਯੂਨੀਵਰਸਿਟੀ ਦੁਆਰਾ ਕਿਸੇ ਸਰੋਤ ਤੋਂ ਪ੍ਰਾਪਤ ਕੀਤੇ ਗਏ ਫ਼ੰਡ ਅਤੇ ਗ੍ਰਾਂਟਾਂ।

(2) ਆਮ ਫੰਡ ਦੀ ਵਰਤੋਂ ਹੇਠ-ਲਿਖੇ ਪ੍ਰਯੋਜਨਾਂ ਲਈ ਹੋਵੇਗੀ, ਅਰਥਾਤ:-

(ੳ) ਯੂਨੀਵਰਸਿਟੀ ਦੁਆਰਾ ਲਏ ਗਏ ਕਰਜ਼ਿਆਂ, ਜਿਸ ਵਿੱਚ ਉਸ ਦੇ ਵਿਆਜ਼ ਖਰਚੇ ਵੀ ਸ਼ਾਮਲ ਹਨ, ਦੀ ਮੁੜ-ਅਦਾਇਗੀ ਕਰਨ ਲਈ;

(ਅ) ਯੂਨੀਵਰਸਿਟੀ ਦੇ ਧਨ-ਧਾਮਾਂ ਦੀ ਸੰਭਾਲ ਲਈ;

(ੲ) ਫ਼ੰਡ ਦੇ ਆਡਿਟ ਦੇ ਖ਼ਰਚੇ ਦੀ ਅਦਾਇਗੀ ਲਈ;

(ਸ) ਕਿਸੇ ਦਾਵੇ ਜਾਂ ਕਾਰਵਾਈਆਂ ਦੇ ਖ਼ਰਚਿਆਂ ਦੀ ਪੂਰਤੀ ਕਰਨ ਲਈ;

(ਹ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਭੱਤਿਆਂ ਦੀ ਅਦਾਇਗੀ ਲਈ ਅਤੇ

ਅਜਿਹੇ ਕਿਸੇ ਅਧਿਕਾਰੀ ਅਤੇ ਕਰਮਚਾਰੀ ਨੂੰ ਕਿਸੇ ਲਾਭ ਦੀ ਅਦਾਇਗੀ ਕਰਨ ਲਈ;

(ਕ) ਯੂਨੀਵਰਸਿਟੀ ਦੀਆਂ ਅਥਾਰਟੀਆਂ, ਕਮੇਟੀ ਜਾਂ ਬੋਰਡ ਦੇ ਮੈਂਬਰਾਂ ਦੇ ਯਾਤਰਾ ਅਤੇ ਹੋਰ ਭੱਤਿਆਂ ਦੀ ਅਦਾਇਗੀ ਕਰਨ ਲਈ;

(ਖ) ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਨਾਲ ਸਬੰਧਤ ਵਿਦਿਆਰਥੀਆਂ ਜਾਂ ਖੋਜ ਸਹਿਯੋਗੀਆਂ ਜਾਂ ਸਿਖਿਆਰਥੀਆਂ, ਜਿਹੀ ਕਿ ਸੂਰਤ ਹੋਵੇ, ਜਾਂ ਅਜਿਹੇ ਐਵਾਰਡ ਪ੍ਰਾਪਤ ਕਰਨ ਲਈ ਕਿਸੇ ਪਾਤਰ ਵਿਦਿਆਰਥੀ ਨੂੰ ਫ਼ੈਲੋਸ਼ਿੱਪਾਂ, ਵਜ਼ੀਫ਼ੇ, ਸਹਾਇਤਾਸ਼ਿਪਾਂ ਅਤੇ ਹੋਰ ਐਵਾਰਡਾਂ ਦੀ ਅਦਾਇਗੀ ਕਰਨ ਲਈ;

(ਗ) ਯੂਨੀਵਰਸਿਟੀ ਦੁਆਰਾ ਉਠਾਏ ਗਏ ਕਿਸੇ ਖਰਚਿਆਂ ਦੀ ਅਦਾਇਗੀ ਕਰਨ ਲਈ;

(ਘ) ਯੂਨੀਵਰਸਿਟੀ ਦੇ ਪ੍ਰਯੋਜਨ ਲਈ ਭੋਂ ਅਰਜਤ ਕਰਨ ਜਾਂ ਕਿਸੇ ਕਿਸਮ ਦੇ ਵਿਕਾਸ ਦੇ ਕੰਮ ਜਾਂ ਇਸ ਤਰ੍ਹਾਂ ਦੀਆਂ ਕਿਸੇ ਹੋਰ ਸਰਗਰਮੀਆਂ ਦੇ ਸਬੰਧ ਵਿੱਚ ਅਦਾਇਗੀ ਕਰਨ ਲਈ;

(ਙ) ਟਰੱਸਟ ਦੁਆਰਾ ਯੂਨੀਵਰਸਿਟੀ ਦੀ ਸਥਾਪਨਾ ਅਤੇ ਉਸ ਨੂੰ ਚਲਾਉਣ ਲਈ ਲਏ ਗਏ ਕਰਜ਼ਿਆਂ ਅਤੇ ਇਸ ਲਈ ਕੀਤੇ ਗਏ ਨਿਵੇਸ਼ਾਂ ਦੀ ਮੁੜ-ਅਦਾਇਗੀ ਕਰਨ ਲਈ ਅਤੇ ਪੂੰਜੀ ਦੇ ਖਰਚੇ ਦੀ ਅਦਾਇਗੀ ਕਰਨ ਲਈ;

(ਚ) ਯੂਨੀਵਰਸਿਟੀ ਦੁਆਰਾ ਕੀਤੇ ਗਏ ਸਲਾਹਕਾਰੀ ਦੇ ਕੰਮ ਨਾਲ ਸਬੰਧੀ ਚਾਰਜਿਜ ਅਤੇ ਖਰਚਿਆਂ ਦੀ ਅਦਾਇਗੀ ਲਈ; ਅਤੇ

(ਛ) ਟਰੱਸਟ ਦੁਆਰਾ ਯੂਨੀਵਰਸਿਟੀ ਲਈ ਜਾਂ ਇਸ ਦੇ ਨਮਿੱਤ ਕਿਸੇ ਖਰਚੇ, ਤਨਖਾਹਾਂ, ਕਰਾਂ, ਦੇਣਦਾਰੀਆਂ ਦੀ ਅਦਾਇਗੀ ਕਰਨ ਲਈ।

ਸਲਾਨਾ ਰਿਪੋਰਟ। 30. ਯੂਨੀਵਰਸਿਟੀ ਦੀ ਆਮਦਨ ਅਤੇ ਖਰਚੇ ਦੇ ਲੇਖੇ ਯੂਨੀਵਰਸਿਟੀ ਦੇ ਚਾਰਟਰਡ ਲੇਖਾਕਾਰ ਦੁਆਰਾ ਆਡਿਟ ਕੀਤੇ ਜਾਣਗੇ ਅਤੇ ਇਹ ਲੇਖੇ ਹਰੇਕ ਸਾਲ ਇੱਕ ਵਾਰੀ ਮੁੱਖ ਵਿੱਤ ਤੇ ਲੇਖਾ ਅਧਿਕਾਰੀ ਵੱਲੋਂ ਸ਼ਾਸਕ ਬੌਡੀ ਕੋਲ ਉਸ ਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

ਪ੍ਰੀਖਿਆਵਾਂ। 31. ਯੂਨੀਵਰਸਿਟੀ ਹਰੇਕ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਵਿੱਚ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਅਕਾਦਮਿਕ ਸਰਗਰਮੀਆਂ ਸਮੇਤ ਯੂਨੀਵਰਸਿਟੀ

ਪ੍ਰੀਖਿਆਵਾਂ ਦੀ ਛਿਮਾਹੀ-ਦਰ-ਛਿਮਾਹੀ ਜਾਂ ਸਲਾਨਾ, ਜਿਹੀ ਕਿ ਸੂਰਤ ਹੋਵੇ, ਆਰਜ਼ੀ ਅਨੁਸੂਚੀ ਤਿਆਰ ਕਰੇਗੀ ਅਤੇ ਛਪਵਾਏਗੀ ਪਰੰਤੂ ਇਹ ਕੈਲੰਡਰ ਸਾਲ ਦੇ ਅਗਸਤ ਦੇ 30ਵੇਂ ਦਿਨ ਤੋਂ ਬਾਅਦ ਨਹੀਂ ਹੋਵੇਗੀ।

ਵਿਆਖਿਆ:- 'ਪ੍ਰੀਖਿਆਵਾਂ ਦੀ ਅਨੁਸੂਚੀ', ਦਾ ਮਤਲਬ ਹੈ ਹਰੇਕ ਪੇਪਰ ਦੇ ਅਰੰਭ ਦੇ ਸਮੇਂ, ਦਿਨ ਅਤੇ ਤਰੀਕ ਬਾਰੇ ਵੇਰਵੇ ਦਿੰਦੀ ਸਮਾਂ-ਸਾਰਣੀ, ਜਿਹੜੀ ਪ੍ਰੀਖਿਆਵਾਂ ਦੀ ਸਕੀਮ ਦਾ ਹਿੱਸਾ ਹੈ ਜਿਸ ਵਿੱਚ ਵਿਵਹਾਰਕ ਪ੍ਰੀਖਿਆਵਾਂ ਅਤੇ ਜ਼ੁਬਾਨੀ ਪ੍ਰੀਖਿਆਵਾਂ ਦੇ ਵੇਰਵੇ, ਜੇ ਕੋਈ ਹੋਣ, ਸ਼ਾਮਲ ਹਨ।

**ਨਤੀਜਿਆਂ ਦਾ ਐਲਾਨ ਕਰਨਾ।** 32. (1) ਯੂਨੀਵਰਸਿਟੀ, ਉਸ ਦੁਆਰਾ ਵਿਸ਼ੇਸ਼ ਕੋਰਸ ਦੀਆਂ ਲਈਆਂ ਗਈਆਂ ਪ੍ਰੀਖਿਆਵਾਂ ਦੀ ਆਖਰੀ ਤਰੀਕ ਤੋਂ ਪੰਤਾਲੀ ਦਿਨ ਦੀ ਮੁੱਦਤ ਦੇ ਅੰਦਰ ਪ੍ਰੀਖਿਆਵਾਂ ਦੇ ਨਤੀਜੇ ਐਲਾਨ ਕਰਨ ਦਾ ਯਤਨ ਕਰੇਗੀ, ਅਤੇ ਕਿਸੇ ਵੀ ਹਾਲਤ ਵਿੱਚ, ਦਰਸਾਈ ਗਈ ਤਰੀਕ ਤੋਂ ਸੱਠ ਦਿਨਾਂ ਤੋਂ ਬਾਅਦ ਨਹੀਂ ਹੋਣਗੇ।

(2) ਕੋਈ ਪ੍ਰੀਖਿਆ ਜਾਂ ਕਿਸੇ ਵੀ ਪ੍ਰੀਖਿਆ ਦਾ ਨਤੀਜਾ ਸਿਰਫ਼ ਇਸ ਕਾਰਨ ਕਰਕੇ ਨਾਜਾਇਜ਼ ਘੋਸ਼ਿਤ ਨਹੀਂ ਕੀਤਾ ਜਾਵੇਗਾ ਕਿ ਯੂਨੀਵਰਸਿਟੀ ਦੁਆਰਾ ਪ੍ਰੀਖਿਆਵਾਂ ਦੀ ਅਨੁਸੂਚੀ ਨੂੰ ਨਹੀਂ ਅਪਣਾਇਆ ਗਿਆ ਹੈ।

**ਕਨਵੋਕੇਸ਼ਨ।** 33. ਯੂਨੀਵਰਸਿਟੀ ਦੀ ਕਨਵੋਕੇਸ਼ਨ ਹਰੇਕ ਅਕਾਦਮਿਕ ਸਾਲ ਵਿੱਚ ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਜਾਂ ਕੋਈ ਹੋਰ ਅਕਾਦਮਿਕ ਉਪਾਧੀਆਂ ਪ੍ਰਦਾਨ ਕਰਨ ਲਈ ਜਾਂ ਕਿਸੇ ਹੋਰ ਪ੍ਰਯੋਜਨ ਲਈ ਅਜਿਹੇ ਤਰੀਕੇ ਅਨੁਸਾਰ ਕੀਤੀ ਜਾਵੇਗੀ, ਜਿਵੇਂ ਮੁਕੱਰਰ ਕੀਤਾ ਜਾਵੇ।

**ਸਬੰਧਤ ਅਥਾਰਟੀਆਂ ਅਤੇ ਬੌਡੀਆਂ ਦੇ ਝਗੜੇ।** 34. ਜੇ ਕਿਸੇ ਵਿਅਕਤੀ ਦੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਹੋਰ ਬੌਡੀ ਦਾ ਮੈਂਬਰ ਹੋਣ ਸਬੰਧੀ ਉਸਦੀ ਨਿਯੁਕਤੀ ਜਾਂ ਹੱਕ ਦੇ ਬਾਰੇ ਵਿੱਚ ਕੋਈ ਪ੍ਰਸ਼ਨ ਪੈਦਾ ਹੁੰਦਾ ਹੈ ਤਾਂ ਉਹ ਚਾਂਸਲਰ ਨੂੰ ਭੇਜਿਆ ਜਾਵੇਗਾ, ਜਿਸ ਤੇ ਉਸਦਾ ਫ਼ੈਸਲਾ ਅੰਤਿਮ ਅਤੇ ਬੰਧਨਕਾਰੀ ਹੋਵੇਗਾ।

**ਕਠਨਾਈਆਂ ਦੂਰ ਕਰਨ ਦੀ ਸ਼ਕਤੀ।** 35. ਜੇ ਇਸ ਐਕਟ ਦੇ ਕਿਸੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ ਤਾਂ ਰਾਜ ਸਰਕਾਰ, ਚਾਂਸਲਰ ਨਾਲ ਮਸ਼ਵਰਾ ਕਰਕੇ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਅਜਿਹਾ ਉਪਬੰਧ ਬਣਾ ਸਕੇਗੀ ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਵੇ ਜੋ ਉਹ ਅਜਿਹੀ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਸਮਝਦੀ ਹੋਵੇ:

ਪਰੰਤੂ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਦੋ ਸਾਲ ਦੀ ਮੁੱਦਤ ਗੁਜ਼ਰਨ ਤੋਂ ਪਿੱਛੋਂ ਇਸ ਧਾਰਾ ਅਧੀਨ ਕੋਈ ਵੀ ਅਜਿਹਾ ਹੁਕਮ ਨਹੀਂ ਕੀਤਾ ਜਾਵੇਗਾ।

**ਨੇਕ-ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਓ।** 36. ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਯੂਨੀਵਰਸਿਟੀ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਅੰਤਰਕਾਲੀ ਉਪਬੰਧ।

37. ਇਸ ਐਕਟ, ਇਸ ਅਧੀਨ ਬਣਾਏ ਗਏ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਟਰੱਸਟ, ਫ਼ੰਡਾਂ ਦੀ ਉਪਲੱਬਧਤਾ ਹੋਣ ਦੇ ਤਾਬੇ, ਇਸ ਐਕਟ, ਆਰਡੀਨੈਂਸਾਂ ਜਾਂ ਵਿਨਿਯਮਾਂ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨਾਂ ਲਈ, ਯੂਨੀਵਰਸਿਟੀ ਦੇ ਸਾਰੇ ਕਾਰਜ ਜਾਂ ਕਿਸੇ ਇੱਕ ਕਾਰਜ ਦਾ ਨਿਸਤਾਰਾ ਕਰ ਸਕਦਾ ਹੈ ਅਤੇ ਉਸ ਪ੍ਰਯੋਜਨ ਲਈ, ਜਦੋਂ ਤੱਕ ਅਜਿਹੀ ਅਥਾਰਟੀ ਹੋਂਦ ਵਿੱਚ ਨਹੀਂ ਆ ਜਾਂਦੀ ਜਾਂ ਕੋਈ ਅਜਿਹਾ ਅਧਿਕਾਰੀ ਨਿਯੁਕਤ ਨਹੀਂ ਹੋ ਜਾਂਦਾ, ਟਰੱਸਟ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰ ਸਕਦਾ ਹੈ ਅਤੇ ਅਜਿਹੇ ਕਰਤੱਵਾਂ ਨੂੰ ਨਿਭਾ ਸਕਦਾ ਹੈ ਜਿਹੜੇ ਇਸ ਐਕਟ ਜਾਂ ਅਜਿਹੇ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਦੁਆਰਾ ਨਿਭਾਏ ਜਾਣੇ ਹੁੰਦੇ ਹਨ।

ਨਿਰਸਨ ਅਤੇ ਬਚਾਉ।

38. (1) ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਆਰਡੀਨੈਂਸ, 2021 (2021 ਦਾ ਪੰਜਾਬ ਆਰਡੀਨੈਂਸ ਨੰ: 3) ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੋਈ ਕਾਰਵਾਈ ਇਸ ਐਕਟ ਅਧੀਨ ਕੀਤੀ ਜਾਂ ਕੀਤੀ ਗਈ ਸਮਝੀ ਜਾਵੇਗੀ।

**ਬੀ.ਬੀ.ਐਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3706/4-2026/Pb. Govt. Press, S.A.S. Nagar*